ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 29 ਜੂਨ ਤੋਂ ਐਤਵਾਰ, 5 ਜੁਲਾਈ, 2026

WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

ਹਫਤਾਵਾਰੀ ਅਖ਼ਬਾਰ
Ludhiana : Monday, 29 June to Sunday, 5 July 2026

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 26 | Website : www.zikarpunjab.com

## ਸਾਡੇ ਸਾਰੇ ਮੰਤਰੀ ਅਤੇ ਵਿਧਾਇਕ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣਗੇ : ਮੁੱਖ ਮੰਤਰੀ

- ਕਿਹਾ, ਸਾਡੇ ਮੰਤਰੀ ਅਤੇ ਵਿਧਾਇਕ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਆਪਣਾ ਪੱਖ ਰੱਖਣਗੇ ਅਤੇ ਸਰਕਾਰ ਦੀ ਸਥਿਤੀ ਸਪੱਸ਼ਟ ਕਰਨਗੇ
- ਮੇਰਾ ਮਾਸਕ ਪਹਿਨ ਕੇ ਮੇਰੀ ਨਕਲ ਉਤਾਰਨ ਵਾਲੇ ਵਿਅਕਤੀ ਦੀ ਫਰਜ਼ੀ ਵੀਡੀਓ ਵੀ ਪੱਤਰ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪੀ ਜਾਵੇਗੀ : ਮਾਨ



**ਅੰਮ੍ਰਿਤਸਰ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਮੁੜ ਦੁਹਰਾਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਸਰਵਉੱਚ ਧਾਰਮਿਕ ਸੰਸਥਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਲਬ ਕੀਤੇ ਗਏ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਮੇਤ ਸਾਰੇ ਮੰਤਰੀ ਅਤੇ ਵਿਧਾਇਕ ਸੋਮਵਾਰ ਨੂੰ ਉੱਥੇ ਪੇਸ਼ ਹੋ ਕੇ ਨਿਮਰਤਾ ਭਾਵਨਾ ਨਾਲ ਸੂਬਾ ਸਰਕਾਰ ਦਾ ਪੱਖ ਰੱਖਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰ ਆਦੇਸ਼ ਨੂੰ ਸਰਵਉੱਚ ਮੰਨਦੇ ਹੋਏ ਸੱਚੀ ਭਾਵਨਾ ਨਾਲ ਉਸ ਦੀ ਪਾਲਣਾ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਰਕਾਰ ਉਨ੍ਹਾਂ ਦੀ ਨਕਲ ਕਰਨ ਵਾਲੇ ਵਿਅਕਤੀ ਦੀ ਫਰਜ਼ੀ ਵੀਡੀਓ ਦੇ ਵੇਰਵੇ ਵੀ ਸੌਂਪੇਗੀ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਇਸ ਮੁੱਦੇ ਨੂੰ ਧਾਰਮਿਕ ਰੰਗਤ ਦੇ ਕੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਿਆਸਤ ਤੇ ਧਰਮ ਨੂੰ ਕਦੇ ਵੀ ਆਪਸ ਵਿੱਚ ਨਹੀਂ ਮਿਲਾਉਣਾ ਚਾਹੀਦਾ। ਇਸ ਦੇ ਨਾਲ ਹੀ ਉਨ੍ਹਾਂ ਮਹਾਰਾਸ਼ਟਰ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਾ ਦੇਣ ਦੀ ਅਪੀਲ ਕੀਤੀ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਨਾਲ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਹਰ ਸਿੱਖ ਲਈ ਪਵਿੱਤਰ ਅਸਥਾਨ ਹੈ ਅਤੇ ਸਾਡੀ ਕੌਮ ਦਾ ਸਰਵਉੱਚ ਤਖ਼ਤ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤਾ ਕੋਈ ਵੀ ਹੁਕਮ ਜਾਂ ਆਦੇਸ਼ ਸਾਨੂੰ ਪੂਰੀ ਸ਼ਰਧਾ ਨਾਲ ਪ੍ਰਵਾਨ ਹੈ ਅਤੇ ਉਸ ਦੀ ਪਾਲਣਾ ਕੀਤੀ ਜਾਵੇਗੀ। ਸਾਡੇ ਸਾਰੇ ਮੰਤਰੀ, ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ, ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਲਬ ਕੀਤਾ ਗਿਆ ਹੈ, ਉਹ ਸੋਮਵਾਰ ਨੂੰ ਉੱਥੇ ਹਾਜ਼ਰ ਹੋਣਗੇ। ਉਹ ਇੱਕ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਸਰਕਾਰ ਦੀ ਸਥਿਤੀ ਸਪੱਸ਼ਟ ਕਰਨ ਦੇ ਨਾਲ-ਨਾਲ ਆਪਣਾ ਪੱਖ ਵੀ ਪੇਸ਼ ਕਰਨਗੇ। ਮੁੱਖ ਮੰਤਰੀ ਨੇ ਕਿਹਾ ਮੇਰੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਸਭ ਤੋਂ ਮਹਾਨ ਹੈ। ਪਵਿੱਤਰ ਤਖ਼ਤ ਤੋਂ ਮਿਲਣ ਵਾਲੇ ਹਰ ਹੁਕਮ ਦੀ ਅੱਖਰ-ਅੱਖਰ ਪਾਲਣਾ ਕੀਤੀ ਜਾਵੇਗੀ। ਤਖ਼ਤ ਸਾਹਿਬ ਦਾ ਆਦੇਸ਼ ਮੇਰੇ ਤੇ ਮੇਰੇ ਪਰਿਵਾਰ ਲਈ ਹਮੇਸ਼ਾ ਸਰਵਉੱਚ ਰਿਹਾ ਹੈ, ਹੈ ਅਤੇ ਰਹੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਮੇਰੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਇਸ ਗੱਲ ਤੋਂ ਵੀ ਹੁੰਦਾ ਹੈ ਕਿ ਜਦੋਂ ਮੈਨੂੰ ਪਹਿਲਾਂ ਤਖ਼ਤ ਸਾਹਿਬ ਵੱਲੋਂ ਬੁਲਾਇਆ ਗਿਆ ਸੀ ਤਾਂ ਮੈਂ ਉੱਥੇ ਪੇਸ਼ ਹੋਣ ਲਈ ਭਾਰਤ ਦੇ ਰਾਸ਼ਟਰਪਤੀ ਦੇ ਇੱਕ ਸਮਾਗਮ ਨੂੰ ਵੀ ਛੱਡ ਦਿੱਤਾ ਸੀ। ਉਨ੍ਹਾਂ ਕਿਹਾ ਪਰ • ਬਾਕੀ ਸਫ਼ਾ 2 'ਤੇ

> ■ ਸ੍ਰੀ ਅਕਾਲ ਤਖ਼ਤ ਸਾਹਿਬ ਸਾਡੇ ਲਈ ਸਰਵਉੱਚ ਹੈ; ਅਕਾਲ ਤਖ਼ਤ ਦੇ ਆਦੇਸ਼ 'ਤੇ ਮੈਂ ਖ਼ੁਦ ਵੀ ਪਹਿਲਾਂ ਪੇਸ਼ ਹੋ ਚੁੱਕਾ ਹਾਂ

## ਸਾਰੇ ਕਾਂਗਰਸੀ ਸਿੱਖ ਵਿਧਾਇਕ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਹੋਣਗੇ ਪੇਸ਼ : ਵੜਿੰਗ

**ਚੰਡੀਗੜ੍ਹ** : ਸਾਰੇ ਸਿੱਖ ਕਾਂਗਰਸੀ ਵਿਧਾਇਕ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜਾਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਬੇਅਦਬੀ ਕਾਨੂੰਨ ਦਾ ਸਮਰਥਨ ਕਰਨ ਵਾਲੇ ਸਾਰੇ ਸਿੱਖ ਵਿਧਾਇਕਾਂ ਨੂੰ 29 ਜੂਨ ਨੂੰ ਇਸ ਅੱਗੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਮਨ ਪ੍ਰਾਪਤ ਕਰਨ ਵਾਲੇ ਸਾਰੇ ਕਾਂਗਰਸੀ ਵਿਧਾਇਕ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣਗੇ। ਚੰਡੀਗੜ੍ਹ • ਬਾਕੀ ਸਫ਼ਾ 2 'ਤੇ

## ਅਵਾਰਾ ਕੁੱਤਿਆਂ ਨੇ ਨੋਚ-ਨੋਚ ਮਾਰ'ਤਾ ਖੇਤ ਮਜ਼ਦੂਰ

**ਮੋਗਾ** : ਮੋਗਾ ਜ਼ਿਲ੍ਹੇ ਦੇ ਪਿੰਡ ਕਪੂਰੇ ਤੋਂ ਇੱਕ ਬੇਹੱਦ ਦਰਦਨਾਕ ਅਤੇ ਰੂਹ ਕੰਬਾਊ ਘਟਨਾ ਸਾਹਮਣੇ ਆਈ ਹੈ। ਇੱਥੇ ਬੀਤੀ ਰਾਤ ਅਵਾਰਾ ਕੁੱਤਿਆਂ ਦੇ ਇੱਕ ਝੁੰਡ ਨੇ ਇੱਕ ਵਿਅਕਤੀ 'ਤੇ ਜਾਨਲੇਵਾ ਹਮਲਾ ਕਰਕੇ ਉਸ ਨੂੰ ਬੁਰੀ ਤਰ੍ਹਾਂ ਨੋਚ ਦਿੱਤਾ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ 50 ਸਾਲਾ ਸਰਬਜੀਤ • ਬਾਕੀ ਸਫ਼ਾ 2 'ਤੇ



## ਜਲਵਾਯੂ ਤਬਦੀਲੀ ਦਾ ਸਭ ਤੋਂ ਵੱਧ ਅਸਰ ਗਲੋਬਲ ਸਾਊਥ, ਟਾਪੂ ਦੇਸ਼ਾਂ 'ਤੇ ਪੈ ਰਿਹੈ : ਮੋਦੀ

**ਵਿਕਟੋਰੀਆ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕਿਹਾ ਕਿ ਜਲਵਾਯੂ ਤਬਦੀਲੀ ਦਾ ਸਭ ਤੋਂ ਵੱਧ ਅਸਰ ਗਲੋਬਲ ਸਾਊਥ, ਖ਼ਾਸ ਕਰਕੇ ਟਾਪੂ ਦੇਸ਼ਾਂ, 'ਤੇ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜਲਵਾਯੂ ਕਾਰਵਾਈ ਨਿਰਪੱਖਤਾ, ਜ਼ਿੰਮੇਵਾਰੀ ਅਤੇ ਸਮਾਨਤਾ ਦੇ ਸਿਧਾਂਤਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਸੇਸ਼ੇਲਸ ਦੀ ਕੌਮੀ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਸਮੁੰਦਰੀ ਤੱਟਾਂ, ਸਮੁੰਦਰੀ ਵਾਤਾਵਰਨ, ਮੌਸਮੀ ਪੈਟਰਨ ਅਤੇ ਲੋਕਾਂ ਦੀ ਜ਼ਿੰਦਗੀ 'ਤੇ ਜਲਵਾਯੂ ਤਬਦੀਲੀ ਦੇ ਪ੍ਰਭਾਵ ਸਪੱਸ਼ਟ ਨਜ਼ਰ ਆ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿਨ੍ਹਾਂ ਦੇਸ਼ਾਂ ਦਾ ਜਲਵਾਯੂ ਤਬਦੀਲੀ ਵਿੱਚ ਸਭ ਤੋਂ ਘੱਟ ਯੋਗਦਾਨ ਹੈ, ਉਨ੍ਹਾਂ 'ਤੇ ਇਸ ਦਾ ਸਭ ਤੋਂ ਵੱਡਾ ਬੋਝ ਨਹੀਂ ਪੈਣਾ ਚਾਹੀਦਾ। ਮੋਦੀ ਨੇ ਕਿਹਾ ਕਿ ਭਾਰਤ ਅਤੇ ਸੇਸ਼ੇਲਸ ਸਮਾਵੇਸ਼ੀ ਵਿਕਾਸ ਅਤੇ ਗਲੋਬਲ ਸਾਊਥ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ • ਬਾਕੀ ਸਫ਼ਾ 2 'ਤੇ

### ਸਮੁੰਦਰ ਤੋਂ ਲੈ ਕੇ ਅਸਮਾਨ ਤੱਕ, ਤੇਜ਼ੀ ਨਾਲ ਸੁਰੱਖਿਅਤ ਅਤੇ ਆਤਮਨਿਰਭਰ ਬਣ ਰਿਹਾ ਹੈ ਭਾਰਤ: ਪ੍ਰਧਾਨ ਮੰਤਰੀ

**ਨਵੀਂ ਦਿੱਲੀ**: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਪਣੇ ਪ੍ਰਸਿੱਧ ਰੇਡੀਓ ਪ੍ਰੋਗਰਾਮ ਮਨ ਕੀ ਬਾਤ ਦੇ 135ਵੇਂ ਐਪੀਸੋਡ ਵਿੱਚ ਆਪਣੇ ਦੇਸ਼ ਦੇ ਮੁੱਦਿਆਂ ਨੂੰ ਸੰਬੋਧਿਤ ਕੀਤਾ। ਇਸ ਪ੍ਰੋਗਰਾਮ ਵਿੱਚ ਉਨ੍ਹਾਂ ਨੇ ਨੌਜਵਾਨਾਂ ਬਾਰੇ ਪ੍ਰੇਰਨਾਦਾਇਕ ਕਹਾਣੀਆਂ ਸਾਂਝੀਆਂ ਕੀਤੀਆਂ ਅਤੇ ਦੁਨੀਆਂ ਭਰ ਦੀਆਂ ਘਟਨਾਵਾਂ ਨੂੰ ਉਜਾਗਰ ਕੀਤੀਆਂ ਹਨ, ਜਿਨ੍ਹਾਂ ਦਾ ਸਮਾਜ ਦੇ ਵਿਕਾਸ 'ਤੇ ਪ੍ਰਭਾਵ ਪੈਂਦਾ ਹੈ। ਮਨ ਕੀ ਬਾਤ ਦੇ 135ਵੇਂ ਐਪੀਸੋਡ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸਾਲ 2026 ਖਤਮ ਹੋਣ ਵਾਲਾ ਹੈ। ਇਨ੍ਹਾਂ ਛੇ ਮਹੀਨਿਆਂ ਵਿੱਚ ਅਸੀਂ 'ਮਨ ਕੀ ਬਾਤ' ਵਿੱਚ ਆਪਣੇ ਦੇਸ਼ ਵਾਸੀਆਂ ਦੀਆਂ ਕਈ ਪ੍ਰਾਪਤੀਆਂ 'ਤੇ ਚਰਚਾ ਕੀਤੀ ਹੈ। ਜੂਨ ਵਿੱਚ ਦੇਸ਼ ਨੇ ਕੁਝ ਅਜਿਹੀਆਂ ਪ੍ਰਾਪਤੀਆਂ ਵੀ ਪ੍ਰਾਪਤ ਕੀਤੀਆਂ ਜੋ ਹਰ ਨਾਗਰਿਕ ਨੂੰ ਮਾਣ ਹੈ। ਇਹ ਸਫਲਤਾਵਾਂ ਦੇਸ਼ ਦੀ ਸੁਰੱਖਿਆ ਅਤੇ ਸਵੈ-ਨਿਰਭਰਤਾ ਨਾਲ ਜੁੜੀਆਂ • ਬਾਕੀ ਸਫ਼ਾ 2 'ਤੇ

## ਕਾਰ ਖੱਡ ਵਿੱਚ ਡਿੱਗਣ ਕਾਰਨ 4 ਲੋਕਾਂ ਦੀ ਮੌਤ

**ਚੰਬਾ** : ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਵਿੱਚ ਰੋਜ਼ਾਨਾ ਭਿਆਨਕ ਸੜਕ ਹਾਦਸੇ ਵਾਪਰ ਰਹੇ ਹਨ। ਲਗਾਤਾਰ ਹੋ ਰਹੇ ਸੜਕ ਹਾਦਸੇ ਕਈ ਪਰਿਵਾਰਾਂ ਦੀਆਂ ਜਾਨਾਂ ਲੈ ਰਹੇ ਹਨ। ਇੱਕ ਵਾਰ ਫਿਰ ਜ਼ਿਲ੍ਹੇ ਵਿੱਚ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਪੁਲਿਸ ਦੇ ਮੁਤਾਬਕ, ਨਕਰੌਡ-ਹਿਮਗਿਰੀ ਸੜਕ 'ਤੇ ਇੱਕ ਆਲਟੋ ਕਾਰ ਡੂੰਘੀ ਖੱਡ ਵਿੱਚ ਡਿੱਗ ਗਈ, ਜਿਸ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ, ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਹਨ। ਸਥਾਨਕ ਲੋਕਾਂ ਦੇ ਮੁਤਾਬਕ, ਹਾਦਸਾ



ਦੇਰ ਰਾਤ ਹੋਇਆ ਅਤੇ ਸਵੇਰੇ ਲੋਕਾਂ ਨੂੰ ਇਸਦੀ ਸੂਚਨਾ ਦਿੱਤੀ ਗਈ, ਜਿਸ ਕਾਰਨ ਪੁਲਿਸ ਨੇ ਤੁਰੰਤ ਉਨ੍ਹਾਂ ਨੂੰ ਸੁਚੇਤ ਕੀਤਾ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮ੍ਰਿਤਕਾਂ ਨੂੰ ਖੱਡ ਵਿੱਚੋਂ ਕੱਢਣ ਲਈ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਹਾਲਾਂਕਿ, ਚੰਬਾ ਜ਼ਿਲ੍ਹਾ ਪੁਲਿਸ ਸੁਪਰਡੈਂਟ ਵਿਜੇ ਕੁਮਾਰ ਸਕਲਾਨੀ ਨੇ ਹਾਦਸੇ ਦੀ ਪੁਸ਼ਟੀ ਕਰਦੇ ਹੋਏ ਕਿਹਾ ਸੜਕ ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ, ਪੁਲਿਸ ਮੌਕੇ 'ਤੇ ਪਹੁੰਚੀ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਪੁਲਿਸ ਟੀਮ ਹਾਦਸੇ ਦੇ ਕਾਰਨਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਜੂਨ ਵਿੱਚ ਚੰਬਾ ਜ਼ਿਲ੍ਹੇ ਵਿੱਚ ਕਈ ਵੱਡੇ ਹਾਦਸੇ ਵਾਪਰ ਚੁੱਕੇ ਹਨ। ਚੰਬਾ ਜ਼ਿਲ੍ਹੇ ਦੇ ਭਰਮੌਰ ਸਬ-ਡਿਵੀਜ਼ਨ ਵਿੱਚ ਸ਼ਨੀਵਾਰ ਸਵੇਰੇ • ਬਾਕੀ ਸਫ਼ਾ 2 'ਤੇ

## ਨਦੀ 'ਚ ਡੁੱਬਣ ਨਾਲ ਪੰਜਾਬੀ ਨੌਜਵਾਨ ਦੀ ਮੌਤ

**ਅਜਨਾਲਾ** : ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਵਿਦੇਸ਼ ਗਏ ਪੰਜਾਬ ਦੇ ਇੱਕ ਹੋਰ ਨੌਜਵਾਨ ਦੀ ਮੰਦਭਾਗੀ ਮੌਤ ਦੀ ਖ਼ਬਰ ਸਾਹਮਣੇ ਆਈ ਹੈ। ਅਜਨਾਲਾ ਦੇ ਰਹਿਣ ਵਾਲੇ ਗੁਰਸੇਵਕ ਸਿੰਘ ਪੁੱਤਰ ਸਰਤਾਜ ਸਿੰਘ ਦੀ ਸਲੋਵਾਕੀਆ ਵਿੱਚ ਇੱਕ ਦਰਿਆ ਵਿੱਚ ਡੁੱਬਣ ਕਾਰਨ ਜਾਨ ਚਲੀ ਗਈ। ਇਸ ਘਟਨਾ ਨੇ ਨਾ ਸਿਰਫ਼ ਪਰਿਵਾਰ ਨੂੰ ਗਹਿਰੇ ਸਦਮੇ ਵਿੱਚ ਡੁੱਬਾ ਦਿੱਤਾ ਹੈ, ਸਗੋਂ ਪੂਰੇ ਇਲਾਕੇ • ਬਾਕੀ ਸਫ਼ਾ 2 'ਤੇ

## ਵੈਨੇਜ਼ੁਏਲਾ 'ਚ ਭੂਚਾਲ ਕਰਕੇ 1,430 ਮੌਤਾਂ ਦੀ ਪੁਸ਼ਟੀ, 69 ਹਜ਼ਾਰ ਹਾਲੇ ਵੀ ਲਾਪਤਾ

**ਗੁਆਇਰਾ (ਵੈਨੇਜ਼ੁਏਲਾ)** : ਦੱਖਣੀ ਅਮਰੀਕਾ ਦੇ ਵੈਨੇਜ਼ੁਏਲਾ ਵਿੱਚ 25 ਜੂਨ ਨੂੰ ਆਏ ਵਿਨਾਸ਼ਕਾਰੀ ਭੂਚਾਲਾਂ ਤੋਂ ਬਾਅਦ ਹਾਲਾਤ ਲਗਾਤਾਰ ਗੰਭੀਰ ਬਣੇ ਹੋਏ ਹਨ। ਹੁਣ ਤੱਕ 1,430 ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ, ਜਦਕਿ ਲਾਪਤਾ ਲੋਕਾਂ ਦੀ ਗਿਣਤੀ 68,900 ਤੋਂ ਪਾਰ ਹੋ ਗਈ ਹੈ। ਰਾਹਤ ਅਤੇ ਬਚਾਅ ਟੀਮਾਂ ਮਲਬੇ ਹੇਠ ਫਸੇ ਲੋਕਾਂ ਦੀ ਭਾਲ ਵਿੱਚ ਜੁਟੀਆਂ ਹੋਈਆਂ ਹਨ, ਪਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਮ੍ਰਿਤਕਾਂ ਦੀ ਗਿਣਤੀ ਹੋਰ ਵੱਧ ਸਕਦੀ



ਹੈ। ਇਸ ਦਰਮਿਆਨ ਦੇਸ਼ ਦੇ ਉੱਤਰੀ ਤੱਟੀ ਇਲਾਕਿਆਂ ਵਿੱਚ ਲਗਾਤਾਰ ਆਫਟਰਸ਼ਾਕ ਮਹਿਸੂਸ ਕੀਤੇ ਜਾ ਰਹੇ ਹਨ। ਰਾਜਧਾਨੀ ਕਰਾਕਸ ਅਤੇ ਮਾਰਾਕੇ ਵਿੱਚ ਵੀ 4.9 ਤੀਬਰਤਾ ਦੇ ਭੂਚਾਲ ਦੇ ਝਟਕੇ ਦਰਜ ਕੀਤੇ ਗਏ, ਜਿਸ ਕਾਰਨ ਲੋਕਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਸਭ ਤੋਂ ਵੱਧ ਤਬਾਹੀ ਲਾ ਗੁਆਇਰਾ ਸੂਬੇ ਵਿੱਚ ਹੋਈ ਹੈ, ਜਿੱਥੇ ਲੋਕ ਆਪਣੇ ਪਰਿਵਾਰਕ ਮੈਂਬਰਾਂ ਅਤੇ ਗੁਆਂਢੀਆਂ ਨੂੰ ਲੱਭਣ ਲਈ ਬੇਲਚਿਆਂ, ਰੱਸੀਆਂ, ਭਾਰੀ ਮਸ਼ੀਨਰੀ ਅਤੇ ਨੰਗੇ ਹੱਥਾਂ ਨਾਲ ਮਲਬਾ ਹਟਾ ਰਹੇ ਹਨ। ਇਸ ਭੂਚਾਲ ਵਿੱਚ 3,360 ਤੋਂ ਵੱਧ ਲੋਕ ਜ਼ਖਮੀ ਹੋਏ ਹਨ, ਜਦਕਿ ਸ਼ਨੀਵਾਰ ਨੂੰ ਕਰੀਬ 250 ਲੋਕਾਂ ਨੂੰ ਜ਼ਿੰਦਾ ਬਚਾਇਆ ਗਿਆ। ਬਚਾਅ ਟੀਮਾਂ ਅਤੇ ਸਰੋਤਾਂ ਦੀ ਘਾਟ ਕਾਰਨ • ਬਾਕੀ ਸਫ਼ਾ 2 'ਤੇ

## ਪੰਜਾਬ-ਹਰਿਆਣਾ ਹਾਈਕੋਰਟ ਦੇ ਸਿਟਿੰਗ ਜੱਜ ਜਸਟਿਸ ਮਹਾਬੀਰ ਸਿੰਘ ਸਿੱਧੂ ਦਾ ਦੇਹਾਂਤ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਿਟਿੰਗ ਜੱਜ ਜਸਟਿਸ ਮਹਾਬੀਰ ਸਿੰਘ ਸਿੱਧੂ ਦਾ ਅੱਜ ਤੜਕੇ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ 59 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਦੇ ਅਚਾਨਕ ਚਲੇ ਜਾਣ ਨਾਲ ਨਿਆਇਕ ਅਤੇ ਕਾਨੂੰਨੀ ਜਗਤ ਵਿੱਚ ਸੋਕ ਦੀ ਲਹਿਰ ਦੌੜ ਗਈ ਹੈ। ਹਾਈ ਕੋਰਟ ਪ੍ਰਸ਼ਾਸਨ ਵੱਲੋਂ ਮਿਲੀ



ਜਾਣਕਾਰੀ ਮੁਤਾਬਕ, ਜਸਟਿਸ ਮਹਾਬੀਰ ਸਿੰਘ ਸਿੱਧੂ ਨੇ ਅੱਜ ਤੜਕੇ 2:50 ਵਜੇ ਹਸਪਤਾਲ ਵਿੱਚ ਆਖ਼ਰੀ ਸਾਹ ਲਏ। ਅੱਜ ਸ਼ਾਮ 5:00 ਵਜੇ ਉਨ੍ਹਾਂ ਦਾ ਅੰਤਿਮ ਸਸਕਾਰ ਹਰਿਆਣਾ ਦੇ ਹਾਂਸੀ ਜ਼ਿਲ੍ਹੇ ਵਿੱਚ ਸਥਿਤ ਉਨ੍ਹਾਂ ਦਾ ਜੱਦੀ ਪਿੰਡ ਮਸੂਦਪੁਰ ਵਿਖੇ ਕੀਤਾ ਜਾਵੇਗਾ, ਜਿੱਥੇ ਕਈ ਨਿਆਇਕ ਅਧਿਕਾਰੀ ਅਤੇ ਉੱਘੀਆਂ ਸ਼ਖ਼ਸੀਅਤਾਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਪਹੁੰਚਣਗੀਆਂ। ਜਸਟਿਸ ਮਹਾਬੀਰ ਸਿੰਘ ਸਿੱਧੂ ਦਾ ਹਾਈ ਕੋਰਟ ਵਿੱਚ ਸ਼ਾਨਦਾਰ • ਬਾਕੀ ਸਫ਼ਾ 2 'ਤੇ

## ਹਥਿਆਰਾਂ ਦੀ ਨੋਕ 'ਤੇ ਸਰਕਾਰੀ ਗੁਦਾਮ 'ਚੋਂ 400 ਤੋੜੇ ਕਣਕ ਚੋਰੀ

**ਅਜਨਾਲਾ** : ਅਜਨਾਲਾ ਦੇ ਅਧੀਨ ਆਉਂਦੇ ਪਿੰਡ ਮਹਿਲ ਬੁਖਾਰੀ ਸਥਿਤ ਪਨਗਰੇਨ ਦੇ ਸਰਕਾਰੀ ਗੁਦਾਮ ਵਿੱਚ ਦੇਰ ਰਾਤ ਹਥਿਆਰਬੰਦ ਲੁਟੇਰਿਆਂ ਵੱਲੋਂ ਇੱਕ ਬਹੁਤ ਹੀ ਸਨਸਨੀਖੇਜ਼ ਅਤੇ ਵੱਡੀ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ, ਅੱਧੀ ਰਾਤ ਤੋਂ ਬਾਅਦ ਵੱਡੀ ਗਿਣਤੀ ਵਿੱਚ ਆਏ ਅਣਪਛਾਤੇ ਲੁਟੇਰਿਆਂ ਨੇ ਗੁਦਾਮ ਦੀ ਸੁਰੱਖਿਆ ਵਿੱਚ ਤਾਇਨਾਤ ਚੌਂਕੀਦਾਰਾਂ ਨੂੰ ਹਥਿਆਰਾਂ ਦੀ ਨੋਕ 'ਤੇ ਬੰਧਕ ਬਣਾ ਲਿਆ। ਇਸ ਤੋਂ ਬਾਅਦ ਲੁਟੇਰੇ ਉੱਥੇ ਪਏ ਕਣਕ ਦੇ ਕਰੀਬ 400 ਤੋੜੇ ਇੱਕ ਟਰੱਕ ਵਿੱਚ



ਲੋਡ ਕਰਕੇ ਬੜੀ ਆਸਾਨੀ ਨਾਲ ਫਰਾਰ ਹੋ ਗਏ। ਹੈਰਾਨੀ ਦੀ ਗੱਲ ਇਹ ਰਹੀ ਕਿ ਲੁਟੇਰਿਆਂ ਨੇ ਵਾਰਦਾਤ ਨੂੰ ਬੜੇ ਸ਼ਾਤਰਾਨਾ ਤਰੀਕੇ ਨਾਲ ਅੰਜਾਮ ਦਿੱਤਾ। ਉਨ੍ਹਾਂ ਨੇ ਗੁਦਾਮ ਅੰਦਰ ਖੜ੍ਹੇ ਹੋਰਨਾਂ ਟਰੱਕਾਂ ਦੇ ਟੈਂਕਾਂ ਵਿੱਚੋਂ ਪਹਿਲਾਂ ਡੀਜ਼ਲ ਕੱਢਿਆ ਅਤੇ ਫਿਰ ਜਿਸ ਟਰੱਕ ਵਿੱਚ ਕਣਕ ਲੱਦੀ ਸੀ, ਉਸ ਦੀ ਟੈਂਕੀ ਵਿੱਚ ਉਹ ਡੀਜ਼ਲ ਪਾ ਕੇ ਉਸਨੂੰ ਲੈ ਕੇ ਰਫੂ-ਚੱਕਰ ਹੋ ਗਏ। ਇਸ ਵੱਡੀ ਵਾਰਦਾਤ ਤੋਂ ਬਾਅਦ ਪੂਰੇ ਇਲਾਕੇ ਵਿੱਚ ਦਹਿਸ਼ਤ ਅਤੇ ਸਹਿਮ ਦਾ ਮਾਹੌਲ ਬਣ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ • ਬਾਕੀ ਸਫ਼ਾ 2 'ਤੇ

## ਸਰਕਾਰੀ ਛੁੱਟੀ ਦਾ ਐਲਾਨ

**ਚੰਡੀਗੜ੍ਹ** : ਪੰਜਾਬ ਸਰਕਾਰ ਦੇ ਕਰਮਚਾਰੀਆਂ ਲਈ ਇਹ ਇੱਕ ਮਹੱਤਵਪੂਰਨ ਖ਼ਬਰ ਹੈ। ਸੋਮਵਾਰ, 29 ਜੂਨ ਨੂੰ ਸੂਬੇ ਵਿੱਚ ਜਨਤਕ ਛੁੱਟੀ ਦਾ ਐਲਾਨ ਕੀਤਾ ਗਿਆ ਹੈ; ਨਤੀਜੇ ਵਜੋਂ, ਸਰਕਾਰੀ ਦਫ਼ਤਰ, ਬੋਰਡ ਅਤੇ ਕਾਰਪੋਰੇਸ਼ਨਾਂ ਬੰਦ ਰਹਿਣਗੀਆਂ। ਗਰਮੀਆਂ ਦੀਆਂ ਛੁੱਟੀਆਂ ਕਾਰਨ ਸੂਬੇ ਦੇ ਸਾਰੇ ਸਰਕਾਰੀ ਅਤੇ ਨਿੱਜੀ ਸਕੂਲ ਇਸ ਸਮੇਂ ਬੰਦ ਹਨ। ਕਬੀਰ ਜੈਅੰਤੀ 29 ਜੂਨ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਇਸ ਦੇ • ਬਾਕੀ ਸਫ਼ਾ 2 'ਤੇ

## ਅੰਮ੍ਰਿਤਸਰ ਏਅਰਪੋਰਟ ਵੱਲੋਂ ਐਡਵਾਈਜ਼ਰੀ ਜਾਰੀ

**ਅੰਮ੍ਰਿਤਸਰ** : ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅਥਾਰਟੀ ਵੱਲੋਂ ਆਉਣ ਵਾਲੀ 2 ਜੁਲਾਈ ਨੂੰ ਲੈ ਕੇ ਇੱਕ ਬੇਹੱਦ ਅਹਿਮ ਟ?ਰੈਫਿਕ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਦਰਅਸਲ, ਬਾਬਾ ਜਵੰਦ ਸਿੰਘ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿੱਚ ਹਵਾਈ ਅੱਡਾ ਕੰਪਲੈਕਸ ਦੇ ਅੰਦਰ ਸਥਿਤ ਗੁਰਦੁਆਰਾ ਸਾਹਿਬ ਵਿਖੇ ਇੱਕ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਪਵਿੱਤਰ ਅਤੇ ਵੱਡੇ ਸਮਾਗਮ ਦੌਰਾਨ ਦੇਸ਼-ਵਿਦੇਸ਼ ਤੋਂ ਕਰੀਬ 7 ਲੱਖ ਸ਼ਰਧਾਲੂਆਂ ਦੇ ਨਤਮਸਤਕ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਸੰਗਤ ਦੀ ਇਸ ਭਾਰੀ ਆਮਦ ਨੂੰ ਮੁੱਖ ਰੱਖਦਿਆਂ, ਏਅਰਪੋਰਟ ਨੂੰ ਜੋੜਨ ਵਾਲੇ ਸਾਰੇ ਮੁੱਖ ਰਸਤਿਆਂ ਅਤੇ ਆਲੇ-ਦੁਆਲੇ ਦੇ ਮਾਰਗਾਂ 'ਤੇ ਵਾਹਨਾਂ ਦੀ ਵੱਡੀ ਭੀੜ ਅਤੇ ਭਾਰੀ ਟ?ਰੈਫਿਕ ਜਾਮ ਰਹਿਣ ਦਾ ਅਨੁਮਾਨ ਲਗਾਇਆ ਗਿਆ ਹੈ। ਇਸੇ ਸਥਿਤੀ ਦੇ ਮੱਦੇਨਜ਼ਰ, ਹਵਾਈ ਅੱਡਾ ਪ੍ਰਸ਼ਾਸਨ ਨੇ ਦੇਸ਼ ਅਤੇ ਵਿਦੇਸ਼ ਦੀ ਉਡਾਣ ਫੜਨ ਵਾਲੇ ਸਾਰੇ ਹਵਾਈ ਯਾਤਰੀਆਂ ਨੂੰ ਖ਼ਾਸ ਅਪੀਲ ਕੀਤੀ ਹੈ ਕਿ ਉਹ 2 ਜੁਲਾਈ ਨੂੰ ਆਪਣੀ ਯਾਤਰਾ ਦੌਰਾਨ ਆਮ ਦਿਨਾਂ ਦੇ ਮੁਕਾਬਲੇ ਕਾਫੀ ਵਾਧੂ ਸਮਾਂ ਹੱਥ ਵਿੱਚ ਲੈ ਕੇ ਘਰਾਂ ਤੋਂ ਨਿਕਲਣ। ਅਜਿਹਾ ਇਸ ਲਈ ਕਿਹਾ ਗਿਆ ਹੈ ਤਾਂ ਜੋ ਰਸਤੇ ਵਿੱਚ ਲੱਗਣ ਵਾਲੇ ਭਾਰੀ ਟ੍ਰੈਫਿਕ ਜਾਮ ਕਾਰਨ ਕਿਸੇ ਵੀ ਯਾਤਰੀ ਦੀ • ਬਾਕੀ ਸਫ਼ਾ 2 'ਤੇ

### ਪੰਜਾਬੀ ਭਵਨ ਲੁਧਿਆਣਾ ਵਿਖੇ ਤਰਲੋਚਨ ਸਿੰਘ ਵੱਲੋਂ ਲਿਖੇ ਤੇ ਨਿਰਦੇਸ਼ਿਤ ਕੀਤੇ ਨਾਟਕ

## 'ਵਗਦੇ ਪਾਣੀ ਦੀਆਂ ਲਹਿਰਾਂ ਨੂੰ ਮੋੜ' ਦਾ ਸ.ਫਲ ਮੰਚਨ

**ਲੁਧਿਆਣਾ/ਵਿਜੇ ਕੁਮਾਰ**

ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਸਹਿਯੋਗ ਨਾਲ ਰੰਗਮੰਚ ਰੰਗਨਗਰੀ (ਰਜਿ.) ਲੁਧਿਆਣਾ ਵੱਲੋਂ ਬਲਰਾਜ ਸਾਹਨੀ ਖੁੱਲ੍ਹਾ ਰੰਗਮੰਚ ਵਿਖੇ ਤਰਲੋਚਨ ਸਿੰਘ ਦੁਆਰਾ ਲਿਖਤ ਤੇ ਨਿਰਦੇਸ਼ਿਤ ਨਾਟਕ "ਵਗਦੇ ਪਾਣੀ ਦੀਆਂ ਲਹਿਰਾਂ ਨੂੰ ਮੋੜ÷ ਦੀ ਪੇਸ਼ਕਾਰੀ ਕੀਤੀ ਗਈ। ਇਹ ਨਾਟਕ ਡਾ:ਐਸ.ਐਨ. ਸੇਵਕ ਜੀ ਹੋਰਾਂ ਨੂੰ ਸਮਰਪਤ ਕੀਤਾ ਗਿਆ। ਇਸ ਮੌਕੇ ਹਾਜ਼ਰ ਪ੍ਰੋ: ਜਗਮੋਹਨ ਸਿੰਘ ਹੋਰਾਂ ਡਾ: ਸੇਵਕ ਦੀ ਸਮਾਜਿਕ ਚੇਤਨਾ ਤੇ ਕਾਰਜ ਨੂੰ ਯਾਦ ਦਿਵਾਉਦਿਆਂ ਆਪਣੀ ਮਾਤਾ ਜੀ ਨਾਲ ਡਾ. ਸੇਵਕ ਹੋਰਾਂ ਦੇ ਮਾਤਾ ਜੀ ਦੀ ਸਾਂਝ 'ਤੇ ਚਾਨਣਾ ਪਾਇਆ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਡਾ:ਗੁਲਜ਼ਾਰ ਸਿੰਘ ਪੰਧੇਰ ਅਤੇ ਮਲਕੀਤ ਸਿੰਘ ਔਲਖ ਹੋਰਾਂ ਵੀ ਡਾ. ਸੇਵਕ ਹੋਰਾਂ ਦੀਆਂ ਕਲਾ ਗਤੀਵਿਧੀਆਂ ਦਾ ਜ਼ਿਕਰ ਕੀਤਾ। ਇਸ ਮੌਕੇ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਸ਼੍ਰੀ ਅਸ਼ਵਨੀ ਚੈਟਲੇ ਹੋਰਾਂ ਡਾ. ਸੇਵਕ ਦੀਆਂ ਨਾਟਕ ਪ੍ਰਤੀ ਗਤੀਵਿਧੀਆਂ ਦਾ ਜ਼ਿਕਰ ਕੀਤਾ ਅਤੇ ਸਮਾਜਕ ਸਰੋਕਾਰਾਂ ਪ੍ਰਤੀ ਉਹਨਾਂ ਦੀ ਪ੍ਰਤੀਬੱਧਤਾ ਦੀ ਰੱਜਵੀਂ ਤਾਰੀਫ਼ ਕੀਤੀ। ਸ੍ਰੀ ਚੈਟਲੇ ਨੇ ਡਾ. ਸ.ਨ. ਸੇਵਕ ਦੀ ਯਾਦ ਵਿੱਚ ਇੱਕ ਫਾਉਂਡੇਸ਼ਨ ਬਣਾਏ ਜਾਣ ਦਾ ਸੁਝਾਅ ਦਿੱਤਾ ਅਤੇ ਇਸ ਕਾਰਜ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਨਾਟਕ "ਵਗਦੇ ਪਾਣੀ ਦੀਆਂ ਲਹਿਰਾਂ ਨੂੰ ਮੋੜ" ਦੀ ਪੇਸ਼ਕਾਰੀ ਵਿੱਚ ਸਾਡੇ ਆਮ ਪਰਿਵਾਰਿਕ ਜੀਵਨ ਵਿੱਚ ਬਜ਼ੁਰਗਾਂ ਦੀਆਂ ਕਾਰਗੁਜਾਰੀਆਂ ਨੂੰ ਅੱਖੋਂ ਪਰੋਖੇ ਕਰਨ ਅਤੇ ਉਹਨਾਂ ਨੂੰ ਆਪਣੇ ਪੋਤੇ ਪੋਤੀਆਂ ਨਾਲ ਖੇਡਣ ਤੋਂ ਮਨਾਹੀ ਕਰਨ ਅਤੇ ਬਜ਼ੁਰਗਾਂ ਦੀ ਕਾਰਗੁਜਾਰੀ ਨੂੰ ਆਪਣੇ ਵੱਲੋਂ ਨਿਰਧਾਰਿਤ ਕਰਨ ਅਤੇ ਦਾਦੇ ਦਾ ਪੋਤੇ ਨਾਲ ਨਾ ਖੇਡਣ ਦੀਆਂ ਹਿਦਾਇਤਾਂ ਕਰਨ ਤੇ ਬਜ਼ੁਰਗਾਂ ਨੂੰ ਇਕ ਬੰਦਿਸ਼ ਮਹਿਸੂਸ ਕਰਵਾਉਣ ਤੇ ਨਿਰਧਾਰਿਤ ਰਿਹਾ, ਜਿਸ ਵਿੱਚ ਤਰਲੋਚਨ ਸਿੰਘ ਵੱਲੋਂ ਦਾਦੇ ਦੇ ਰੋਲ ਦੀ ਬਾਖ਼ੂਬੀ ਪੇਸ਼ਕਾਰੀ ਅਤੇ ਸਿਮਰਨਜੀਤ ਕੌਰ ਵੱਲੋਂ ਪੋਤੇ ਦੇ ਰੋਲ ਦੀ ਦਰਸ਼ਕਾਂ ਵੱਲੋਂ ਬਹੁਤ ਸ਼ਲਾਘਾ ਕੀਤੀ ਗਈ ਅਤੇ ਹਰਮੀਤ ਸਿੰਘ ਨੇ ਪੁੱਤਰ ਦੇ ਰੋਲ ਵਿੱਚ ਨਫਰਤੀ ਤੇਵਰ ਅਤੇ ਨੂੰਹ ਦੇ ਰੋਲ ਵਿੱਚ ਕਮਲਦੀਪ ਕੌਰ ਨੇ ਵੀ ਦਰਸ਼ਕਾਂ ਦੀ ਵਾਹਵਾ ਖੱਟੀ। ਉਥੇ ਪੁੱਤਰ ਦੇ ਵਿਦੇਸ਼ੀ ਦੋਸਤ ਜਸ ਦੇ ਰੋਲ ਵਿੱਚ ਸਾਹਿਲ ਕਪੂਰ ਦੀ ਅਦਾਕਾਰੀ ਨੂੰ ਵੀ ਚੰਗਾ • ਬਾਕੀ ਸਫ਼ਾ 2 'ਤੇ









### ਪੰਜਾਬ ਸੰਗੀਤ ਨਾਟਕ ਅਕੈਡਮੀ ਦੇ ਪ੍ਰਧਾਨ ਅਸ਼ਵਨੀ ਚੈਟਲੇ, ਪ੍ਰੋ. ਜਗਮੋਹਨ ਸਿੰਘ, ਗੁਜ਼ਰ ਪੰਧੇਰ ਅਤੇ ਮਲਕੀਤ ਸਿੰਘ ਔਲਖ ਵੱਲੋਂ

## ਲਲਿਤ ਬੇਰੀ ਦੀ ਲਿਖੀ ਅੰਗਰੇਜ਼ੀ ਪੁਸਤਕ 'ਸਨਸ਼ਾਈਨ... ਰਿਮਿੰਸਿੰਗ ਆਦਿੱਤਯ ਜੇਤਲੀ' ਲੋਕ ਅਰਪਣ

**ਲੁਧਿਆਣਾ/ਤਮੰਨਾ ਬੇਦੀ**

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਰੰਗ ਮੰਚ ਰੰਗ ਨਗਰੀ ਵਲੋਂ ਕਰਵਾਏ ਗਏ ਸਮਾਗਮ ਦੌਰਾਨ ਪ੍ਰਸਿੱਧ ਲੇਖਕ ਲਲਿਤ ਬੇਰੀ ਦੁਆਰਾ ਲਿਖੀ ਪੁਸਤਕ ÷ਸਨਸ਼ਾਈਨ: ਰਿਮਿੰਸਿੰਗ ਆਦਿੱਤਯ ਜੇਤਲੀ÷ ਪੁਸਤਕ ਨੂੰ ਪੰਜਾਬ ਸੰਗੀਤ ਨਾਟਕ ਅਕੈਡਮੀ ਦੇ ਪ੍ਰਧਾਨ ਅਤੇ ਉੱਘੇ ਨਾਟਕਕਾਰ ਸ੍ਰੀ ਅਸ਼ਵਨੀ ਚੈਟਲੇ ਵੱਲੋਂ ਲੋਕ ਅਰਪਿਤ ਕੀਤਾ ਗਿਆ। ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪ੍ਰੋ. ਜਗਮੋਹਨ ਸਿੰਘ (ਸ਼ਹੀਦ ਭਗਤ ਸਿੰਘ ਜੀ ਦੇ ਭਣੇਵੇਂ), ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਪੰਧੇਰ ਅਤੇ ਸ: ਮਲਕੀਤ ਸਿੰਘ ਔਲਖ ਹਾਜ਼ਿਰ ਰਹੇ। ਇਸ ਮੌਕੇ ਬੋਲਦਿਆਂ ਸਮਾਰੋਹ ਦੇ ਮੁੱਖ ਮਹਿਮਾਨ ਸ੍ਰੀ ਚੈਟਲੇ ਨੇ ਉੱਘੇ ਫੋਟੋ ਕਲਾਕਾਰ ਅਤੇ ਰੰਗ ਮੰਚ ਨਾਲ ਜੁੜੇ ਰਹੇ ਸਵਰਗੀ ਆਦਿੱਤਯ ਜੇਤਲੀ ਬਾਰੇ ਲੰਬੀ ਕਵਿਤਾ ਦੇ ਰੂਪ ਵਿਚ ਪੁਸਤਕ ਲਿਖਣ ਦਾ ਸ਼ਲਾਘਾਯੋਗ ਉਪਰਾਲਾ ਕਰਨ ਲਈ ਇਸਦੇ ਲੇਖਕ ਲਲਿਤ ਬੇਰੀ ਦੀ ਪ੍ਰਤੀਬੱਧਤਾ ਦੀ ਪ੍ਰਸ਼ੰਸਾ ਕੀਤੀ ਅਤੇ ਨਾਲ ਹੀ ਹਾਊਸ ਆਫ਼ ਲਿਟਰੇਚਰ ਦੇ ਵਿਜੇ ਕੁਮਾਰ ਵਲੋਂ ਇਸਨੂੰ ਖ਼ੂਬਸੂਰਤ ਦਿੱਖ ਵਿਚ ਪ੍ਰਕਾਸ਼ਿਤ ਕਰਨ ਦੀ ਵੀ ਪ੍ਰਸ਼ੰਸਾ ਕੀਤੀ। ਉਹਨਾਂ ਕਲਾ, ਸਾਹਿਤ ਅਤੇ ਸੱਭਿਆਚਾਰਕ ਗਤੀਵਿਧੀਆਂ ਦੀ ਨਿਰੰਤਰਤਾ ਬਣਾਈ ਰੱਖਣ ਲਈ ਰੰਗ ਮੰਚ ਰੰਗ ਨਗਰੀ ਦੇ ਪ੍ਰਧਾਨ ਸ: ਤਰਲੋਚਨ ਸਿੰਘ ਨਾਟਕਕਾਰ ਅਤੇ ਅਸ਼ਵਨੀ ਜੇਤਲੀ ਨੂੰ ਪ੍ਰੇਰਿਤ ਕਰਦਿਆਂ ਇਸ ਕਾਰਜ ਲਈ ਆਪਣੇ ਵਲੋਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦੀਪ ਜਗਦੀਪ ਸਿੰਘ, ਕੁਲਜੋਤ ਸਿੰਘ, ਭੁਪਿੰਦਰ ਸਿੰਘ ਬਸਰਾ, ਰੌਸ਼ਨ ਲਾਲ ਆਰੀਆ, ਰਵੀ ਭਾਟੀਆ, ਵਰਿੰਦਰ ਸਹਿਗਲ , ਸਰਬਜੀਤ ਲੁਧਿਆਣਵੀ, ਅਮਨਦੀਪ ਚੀਮਾ ਅਤੇ ਖੇਤੀਬਾੜੀ ਸਹਿਕਾਰੀ ਬੈਂਕ ਲੁਧਿਆਣਾ ਦੇ ਚੇਅਰਮੈਨ ਸੁਰਿੰਦਰਪਾਲ ਸਿੰਘ ਹੁੰਦਲ ਵੀ ਹਾਜ਼ਰ ਸਨ।

# ਮਿੰਨੀ ਕਹਾਣੀ : ਸੈਲਫ਼ੀ

ਜ਼ਿਕਰ ਪੰਜਾਬ

ਸੁਰਿੰਦਰ ਦੀਪ

ਸ਼ਿਵਾਨੀ ਅਕਸਰ ਹੀ ਆਪਣੇ ਪਰਿਵਾਰ ਨਾਲ ਗਰਮੀਆਂ ਦੀਆਂ ਛੁੱਟੀਆਂ 'ਚ ਵੱਖ-ਵੱਖ ਥਾਵਾਂ 'ਤੇ ਘੁੰਮਣ ਦੇ ਨਾਲ-ਨਾਲ ਉਥੋਂ ਦੇ ਸਭਿਆਚਾਰ, ਰਹਿਣ ਸਹਿਣ ਨੂੰ ਨੇੜਿਉ ਵੇਖ ਕੇ ਬੜੀ ਖੁਸ਼ ਹੁੰਦੀ। ਇਸ ਵਾਰ ਛੁੱਟੀਆਂ 'ਚ ਉਸ ਨੇ ਸਕੂਲ ਦੇ ਅਧਿਆਪਕਾਂ ਨਾਲ ਡਲਹੌਜ਼ੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸ਼ਿਵਾਨੀ ਪਹਿਲੀ ਵਾਰ ਡਲਹੌਜੀ ਗਈ ਸੀ। ਚਾਰੇ ਪਾਸੇ ਫ਼ੈਲੇ ਕੁਦਰਦੀ ਨਜ਼ਾਰਿਆਂ ਨੂੰ ਨਿਹਾਰਦਿਆਂ ਪਤਾ ਨਹੀਂ ਕਿੰਨੀ ਕੁ ਵਾਰ ਉਸ ਦੇ ਮੂੰਹੋਂ 'ਵਾਓ' ਸ਼ਬਦ ਨਿਕਲਿਆ। ਉਸ ਨੇ ਕੁਦਰਤ ਦੇ ਨਜ਼ਾਰਿਆਂ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਅੱਖਾਂ ਬੰਦ ਕਰਕੇ ਬਾਹਾਂ ਫੈਲਾ ਦਿੱਤੀਆਂ।

"ਸ਼ਿਵਾਨੀ ਮੈਮ ਸਾਰੇ ਨਜ਼ਾਰੇ ਅੱਜ ਹੀ ਲੈ ਲੈਣੇ ਨੇ? ਚਲੋ ਹੋਟਲ ਚੱਲੀਏ।"

ਏਕਸ ਮੈਡਮ ਦੀ ਆਵਾਜ਼ ਸੁਣ ਕੇ ਉਸ ਨੇ ਅੱਖਾਂ ਖੋਲ੍ਹੀਆਂ ਤਾਂ ਦੇਖਿਆ ਸਾਰੇ ਅਧਿਆਪਕ ਹੋਟਲ ਜਾ ਚੁੱਕੇ ਸਨ।

"ਓ . . . ਹੋ. . . ਸਭ ਚਲੇ ਗਏ।" ਸ਼ਿਵਾਨੀ ਨੇ ਕਿਹਾ।

ਸਭ ਆਪੋ ਆਪਣੇ ਕਮਰਿਆਂ ਵਿਚ ਸੌਣ ਦੀ ਤਿਆਰੀ ਕਰਨ ਲੱਗ ਪਏ। ਪਰ ਸ਼ਿਵਾਨੀ ਤਾਂ ਦਿਨ ਚੜ੍ਹਣ ਦਾ ਇੰਤਜ਼ਾਰ ਕਰ ਰਹੀ ਸੀ ਕਿ ਕਦੋਂ ਸਵੇਰ ਹੋਵੇ ਤੇ ਉਹ ਕੁਦਰਤ ਦਾ ਨਿੱਘ ਮਾਣ ਸਕੇ।

ਸਾਰਿਆਂ ਨੇ ਸਲਾਹ ਕੀਤੀ ਕਿ ਸਭ ਤੋਂ ਪਹਿਲਾਂ ਭਾਰਤ ਦਾ ਸਵਿੱਟਜ਼ਰਲੈਂਡ ਵੇਖਿਆ ਜਾਵੇ। ਕਾਰਾਂ ਦੇ ਕਾਫ਼ਲੇ ਖਜਿਆਰ ਵੱਲ ਨੂੰ ਤੁਰ ਪਏ। ਰਸਤੇ 'ਚ ਅੰਤਰਾਕਸ਼ਰੀ ਖੇਡਦੇ ਪਤਾ ਵੀ ਨਾ ਲਗਿਆ ਕਿ ਉਹ ਖਜਿਆਰ ਪਹੁੰਚ ਗਏ। ਝੀਲ ਦੇ ਆਲੇ-ਦੁਆਲੇ ਲੱਗੇ ਦਿਓਦਾਰ ਦੇ ਦਰਖਤਾਂ ਕਾਰਨ ਝੀਲ ਦਾ ਨਜ਼ਾਰਾ ਏਨਾ ਖ਼ੂਬਸੂਰਤ ਲੱਗ ਰਿਹਾ ਸੀ ਕਿ ਜਿਸ ਨੂੰ ਸਵਰਗ ਕਿਹਾ ਜਾਂਦਾ ਸ਼ਾਇਦ ਇਹੀ ਹੋਵੇ! ਸਾਰੇ ਆਪੋ ਆਪਣੇ ਮੋਬਾਈਲਾਂ 'ਚ ਕੁਦਰਤ ਦੇ ਨਜ਼ਾਰਿਆਂ ਨੂੰ ਕੈਦ ਕਰਨ ਵਿਚ ਰੁਝੇ ਹੋਏ ਸਨ। ਅਚਾਨਕ ਹੀ ਇਕ ਔਰਤ ਦੇ ਚੀਖਣ ਦੀ ਆਵਾਜ਼ ਨੇ ਸਾਰਿਆਂ ਦਾ ਧਿਆਨ ਓਧਰ ਮੋੜ ਦਿੱਤਾ।

"ਮੇਰਾ ਬੱਚਾ . . . ਮੇਰਾ ਬੱਚਾ . . .।" ਕਹਿੰਦਿਆਂ ਇਕ ਔਰਤ ਉੱਚੀ ਉੱਚੀ ਰੋਣ ਲੱਗੀ। ਇਕ ਸੈਲਾਨੀ ਦੀ ਬਾਜ਼ ਅੱਖ ਨੇ ਮਾਂ ਦੇ ਨਾਲ ਖੜੇ ਬੱਚੇ ਨੂੰ ਝੀਲ ਦੀ ਦਲਦਲ 'ਚ ਡਿੱਗਦਿਆਂ ਹੀ ਦਬੋਚ ਲਿਆ। ਬੱਚੇ ਨੂੰ ਦੇਖਦਿਆਂ ਹੀ ਮਾਂ ਦੇ ਹੱਥੋਂ ਮੋਬਾਈਲ ਛੁੱਟ ਗਿਆ ਤੇ ਉਸ ਨੇ ਚਿੱਕੜ ਨਾਲ ਲਿੱਬੜੇ ਬੱਚੇ ਨੂੰ ਘੁੱਟ ਕੇ ਆਪਣੇ ਸੀਨੇ ਨਾਲ ਲਗਾ ਲਿਆ।






# ਮਾਨ ਵੱਲੋਂ ਸੁਲਤਾਨਵਿੰਡ ਰੇਲਵੇ ਓਵਰਬ੍ਰਿਜ ਦਾ ਕੀਤਾ ਉਦਘਾਟਨ

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਅੰਮ੍ਰਿਤਸਰ ਪਹੁੰਚੇ, ਜਿੱਥੇ ਉਨ੍ਹਾਂ ਨੇ ਸੁਲਤਾਨਵਿੰਡ ਲਿੰਕ ਰੋਡ 'ਤੇ ਨਵੇਂ ਬਣੇ ਰੇਲਵੇ ਓਵਰਬ੍ਰਿਜ ਦਾ ਰਸਮੀ ਉਦਘਾਟਨ ਕੀਤਾ। ਇਸ ਵਿਸ਼ੇਸ਼ ਮੌਕੇ 'ਤੇ ਕੈਬਨਿਟ ਮੰਤਰੀ, ਵਿਧਾਇਕ, ਪ੍ਰਸ਼ਾਸਨਿਕ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਆਮ ਲੋਕ ਵੀ ਮੌਜੂਦ ਸਨ। ਉਦਘਾਟਨ ਦੀ ਰਸਮ ਨਿਭਾਉਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਫਲਾਈਓਵਰ ਅੰਮ੍ਰਿਤਸਰ ਵਾਸੀਆਂ ਅਤੇ ਬਾਹਰੋਂ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਲਈ ਇੱਕ ਵੱਡੀ ਸਹੂਲਤ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਹਰ ਰੋਜ਼ ਲਗਭਗ ਡੇਢ ਤੋਂ ਦੋ ਲੱਖ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ, ਜਲਿਆਂਵਾਲਾ ਬਾਗ, ਦੁਰਗਿਆਣਾ ਮੰਦਰ, ਅਟਾਰੀ-ਵਾਹਗਾ ਸਰਹੱਦ ਅਤੇ ਭਗਵਾਨ ਵਾਲਮੀਕੀ ਤੀਰਥ ਸਥਾਨ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਉਂਦੇ ਹਨ। ਇਸ ਭਾਰੀ ਆਮਦ ਦੇ ਕਾਰਨ ਤਾਰਾਂ ਵਾਲਾ ਪੁਲ ਅਤੇ ਤਰਨ ਤਾਰਨ ਰੋਡ ਦੇ ਸੁਲਤਾਨਵਿੰਡ ਜੰਕਸ਼ਨ 'ਤੇ ਲੰਬੇ ਟ?ਰੈਫਿਕ ਜਾਮ ਲੱਗਦੇ ਸਨ। ਉਨ੍ਹਾਂ ਕਿਹਾ ਕਿ ਇਸ ਨਵੇਂ ਓਵਰਬ੍ਰਿਜ ਦੇ ਚਾਲੂ ਹੋਣ ਨਾਲ ਇਸ ਸਮੱਸਿਆ ਦਾ ਸਥਾਈ ਹੱਲ ਹੋ ਜਾਵੇਗਾ ਅਤੇ ਆਵਾਜਾਈ ਪਹਿਲਾਂ ਨਾਲੋਂ ਕਾਫ਼ੀ ਸੁਚਾਰੂ ਬਣੇਗੀ। ਪ੍ਰੋਜੈਕਟ ਦੇ ਖਰਚੇ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਅੰਦਾਜ਼ਨ ਲਾਗਤ 34 ਕਰੋੜ 20 ਲੱਖ ਰੁਪਏ ਸੀ, ਪਰ ਸਰਕਾਰ ਨੇ ਇਸ ਨੂੰ ਸਿਰਫ਼ 22 ਕਰੋੜ 68 ਲੱਖ ਰੁਪਏ ਵਿੱਚ ਹੀ ਮੁਕੰਮਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚੋਂ ਬਚੀ ਹੋਈ ਰਕਮ ਨੂੰ ਹੋਰ ਲੋਕ ਭਲਾਈ ਅਤੇ ਵਿਕਾਸ ਕਾਰਜਾਂ 'ਤੇ ਖਰਚ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅਪਰੋਚ ਰੋਡ ਸਮੇਤ ਇਸ ਪ੍ਰੋਜੈਕਟ ਦੀ ਕੁੱਲ ਲੰਬਾਈ 985 ਮੀਟਰ ਹੈ, ਜਦਕਿ ਫਲਾਈਓਵਰ ਦੀ ਲੰਬਾਈ 725 ਮੀਟਰ ਅਤੇ ਚੌੜਾਈ 14 ਮੀਟਰ ਹੈ।




ਇਹ ਇੱਕ ਈਕੋ-ਫਰੈਂਡਲੀ ਪ੍ਰੋਜੈਕਟ ਹੈ, ਜਿਸ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਲਈ ਆਰ.ਸੀ.ਸੀ. ਡਰੇਨ ਅਤੇ ਰੇਨ ਵਾਟਰ ਹਾਰਵੈਸਟਿੰਗ ਦੀ ਵੀ ਵਿਵਸਥਾ ਕੀਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਪਹਿਲੇ ਦਿਨ ਤੋਂ ਹੀ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਰਹੀ ਹੈ। ਸੂਬੇ ਭਰ ਵਿੱਚ ਸੜਕਾਂ, ਖੇਡ ਮੈਦਾਨਾਂ, ਜਿਮਾਂ, ਮੁਹੱਲਾ ਕਲੀਨਿਕਾਂ ਅਤੇ ਹੋਰ ਬੁਨਿਆਦੀ ਢਾਂਚੇ ਦੇ ਕੰਮ ਜੰਗੀ ਪੱਧਰ 'ਤੇ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ 15 ਜੁਲਾਈ ਤੱਕ ਲਗਭਗ 3,100 ਖੇਡ ਮੈਦਾਨ ਤਿਆਰ ਹੋ ਜਾਣਗੇ ਅਤੇ ਪਿੰਡਾਂ ਵਿੱਚ ਆਧੁਨਿਕ ਜਿਮ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ। ਇਸ ਤੋਂ ਇਲਾਵਾ 400 ਹੋਰ ਆਮ ਆਦਮੀ ਕਲੀਨਿਕ ਵੀ ਜਲਦ ਸ਼ੁਰੂ ਕੀਤੇ ਜਾਣਗੇ, ਜਿਨ੍ਹਾਂ ਤੋਂ ਕਰੋੜਾਂ ਲੋਕ ਲਾਭ ਪ੍ਰਾਪਤ ਕਰਨਗੇ। ਸਿੱਖਿਆ ਅਤੇ ਰੁਜ਼ਗਾਰ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਪਾਰਦਰਸ਼ੀ ਢੰਗ ਨਾਲ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੇ ਵੱਡੀ ਤਰੱਕੀ ਕੀਤੀ ਹੈ ਅਤੇ ਹੁਣ ਸੂਬਾ ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਸ਼ਾਮਲ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀ ਵੱਡੇ-ਵੱਡੇ ਮੁਕਾਬਲੇ ਦੇ ਇਮਤਿਹਾਨ ਪਾਸ ਕਰ ਰਹੇ ਹਨ, ਜੋ ਸਰਕਾਰ ਦੀਆਂ ਸਿੱਖਿਆ ਨੀਤੀਆਂ ਦਾ ਨਤੀਜਾ ਹੈ। ਵਿਰੋਧੀ ਪਾਰਟੀਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਅਕਾਲੀ ਦਲ, ਕਾਂਗਰਸ ਅਤੇ ਭਾਜਪਾ 'ਤੇ ਤਿੱਖਾ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਕੋਲ ਲੋਕਾਂ ਦੇ ਮੁੱਦਿਆਂ ਦੀ ਘਾਟ ਹੈ, ਇਸ ਲਈ ਉਹ ਸਿਰਫ਼ ਬਦਨਾਮ ਕਰਨ ਦੀ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਰਕਾਰ ਦੇ ਕੰਮਾਂ ਤੋਂ ਸੰਤੁਸ਼ਟ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ ਦੇ ਆਧਾਰ 'ਤੇ ਹੀ ਆਪਣਾ ਫ਼ੈਸਲਾ ਦੇਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਸੰਭਾਵਿਤ ਹੜ੍ਹਾਂ ਨਾਲ ਨਜਿੱਠਣ ਲਈ ਵੀ ਸਰਕਾਰ ਨੇ ਪਹਿਲਾਂ ਹੀ ਪੂਰੇ ਪ੍ਰਬੰਧ ਕਰ ਲਏ ਹਨ। ਕਮਜ਼ੋਰ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਗਿਆ ਹੈ, ਡਰੇਨਾਂ ਅਤੇ ਰਜਵਾਹਿਆਂ ਦੀ ਸਫ਼ਾਈ ਕੀਤੀ ਗਈ ਹੈ ਅਤੇ ਪਾਣੀ ਦੇ ਪ੍ਰਬੰਧ 'ਤੇ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਵਿੱਚ ਨਾ ਤਾਂ ਪਾਣੀ ਦੀ ਕੋਈ ਕਮੀ ਆਉਣ ਦਿੱਤੀ ਜਾਵੇਗੀ ਅਤੇ ਨਾ ਹੀ ਵਿਕਾਸ ਕਾਰਜਾਂ ਦੀ ਰਫ਼ਤਾਰ ਰੁਕਣ ਦਿੱਤੀ ਜਾਵੇਗੀ।

●----- ਸਫ਼ਾ 1 ਦਾ ਬਾਕੀ -----●

## ਸਾਡੇ ਸਾਰੇ ਮੰਤਰੀ ਅਤੇ ਵਿਧਾਇਕ ਸ੍ਰੀ ਅਕਾਲ...

ਜਦੋਂ ਧਾਰਮਿਕ ਪਦਵੀਆਂ 'ਤੇ ਬੈਠੇ ਸਿਆਸੀ ਤੌਰ 'ਤੇ ਨਿਯੁਕਤ ਲੋਕ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਇੱਕਪਾਸੜ ਫੈਸਲੇ ਲੈਣ ਲੱਗ ਪੈਂਦੇ ਹਨ ਤਾਂ ਕੁਦਰਤੀ ਤੌਰ 'ਤੇ ਸਵਾਲ ਉੱਠਦੇ ਹਨ। ਸ਼?ਰੋਮਣੀ ਕਮੇਟੀ ਨੇ ਹੁਣ ਹੁਕਮ ਦਿੱਤਾ ਹੈ ਕਿ ਗੁਰਦੁਆਰਿਆਂ ਦੇ ਬਾਹਰ ਮੇਰੇ ਸਮਾਜਿਕ ਬਾਈਕਾਟ ਦੇ ਪੋਸਟਰ ਲਾਏ ਜਾਣ ਪਰ ਸ਼?ਰੋਮਣੀ ਅਕਾਲੀ ਦਲ ਜਾਂ ਸੁਖਬੀਰ ਬਾਦਲ ਖ਼?ਲਾਫ਼ ਅਜਿਹੇ ਪੋਸਟਰ ਗੁਰਦੁਆਰਿਆਂ ਦੇ ਬਾਹਰ ਕਦੇ ਕਿਉਂ ਨਹੀਂ ਲਗਾਏ ਗਏ, ਜਦੋਂ ਕਿ ਉਨ੍ਹਾਂ ਨੇ ਬੇਅਦਬੀ ਦੀਆਂ ਘਟਨਾਵਾਂ ਦੀ ਜ਼ਿੰਮੇਵਾਰੀ ਖ਼ੁਦ ਕਬੂਲ ਕੀਤੀ ਸੀ?

ਮੁੱਖ ਮੰਤਰੀ ਨੇ ਕਿਹਾ 2 ਦਸੰਬਰ ਨੂੰ ਸੁਖਬੀਰ ਬਾਦਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਆਪਣੀਆਂ ਗ਼ਲਤੀਆਂ ਮੰਨੀਆਂ, ਗੁਨਾਹ ਕਬੂਲ ਕੀਤੇ, ਗੋਲੀਕਾਂਡ ਦੀਆਂ ਘਟਨਾਵਾਂ ਦੀ ਜ਼ਿੰਮੇਵਾਰੀ ਲਈ ਅਤੇ ਇਹ ਵੀ ਮੰਨਿਆ ਕਿ ਸੰਗਤ ਵਿਰੁੱਧ ਹੁਕਮ ਜਾਰੀ ਕੀਤੇ ਗਏ ਸਨ। ਕੀ ਕਿਸੇ ਨੇ ਗੁਰਦੁਆਰਿਆਂ ਦੇ ਬਾਹਰ ਉਨ੍ਹਾਂ ਦੇ ਬਾਈਕਾਟ ਦੇ ਪੋਸਟਰ ਲਾਏ ਸਨ, ਜਿਵੇਂ ਅੱਜ ਮੇਰੇ ਖ਼ਿਲਾਫ਼ ਲਾਏ ਜਾ ਰਹੇ ਹਨ? ਸੰਗਤ ਸੂਝਵਾਨ ਹੈ ਅਤੇ ਲੋਕ ਸਰਵਉੱਚ ਹਨ। ਇਹ ਲੋਕ ਹੰਕਾਰ ਵਿੱਚ ਆ ਕੇ ਅਜਿਹਾ ਕਰ ਰਹੇ ਹਨ ਕਿਉਂਕਿ ਉਨ੍ਹਾਂ ਕੋਲ ਮੇਰੇ ਖ਼ਿਲਾਫ਼ ਚੁੱਕਣ ਲਈ ਕੋਈ ਅਸਲ ਮੁੱਦਾ ਨਹੀਂ ਬਚਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਜਦੋਂ ਵੀ ਮੈਂ ਪਿੰਡਾਂ, ਸਮਾਜਿਕ ਇਕੱਠਾਂ ਅਤੇ ਜਨਤਕ ਰੈਲੀਆਂ ਵਿੱਚ ਜਾਂਦਾ ਹਾਂ ਤਾਂ ਉੱਥੇ ਭਾਰੀ ਇਕੱਠ ਹੁੰਦਾ ਹੈ। ਵਿਰੋਧੀ ਧਿਰ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਕਿਉਂਕਿ ਉਹ ਖ਼ੁਦ ਅਜਿਹਾ ਜਨਤਕ ਸਮਰਥਨ ਜੁਟਾਉਣ ਵਿੱਚ ਅਸਮਰੱਥ ਹਨ। ਇਸ ਜ਼ੋਰਦਾਰ ਹੁੰਗਾਰੇ ਤੋਂ ਨਿਰਾਸ਼ ਹੋ ਕੇ ਰਵਾਇਤੀ ਸਿਆਸੀ ਪਾਰਟੀਆਂ ਮੇਰੇ 'ਤੇ ਬੇਬੁਨਿਆਦ ਦੋਸ਼ ਲਾਉਣ ਦੇ ਪੱਧਰ ਤੱਕ ਉੱਤਰ ਆਈਆਂ ਹਨ। ਪੰਜਾਬ ਦੇ ਲੋਕ ਅਜਿਹੀ ਰਾਜਨੀਤੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਭਾਜਪਾ, ਕਾਂਗਰਸ ਅਤੇ ਅਕਾਲੀ ਮੈਨੂੰ ਧਾਰਮਿਕ ਤੌਰ 'ਤੇ ਬਦਨਾਮ ਕਰਕੇ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ, ਜਦੋਂ ਕਿ ਮੈਂ ਸਿਰਫ਼ ਰੋਜ਼ਗਾਰ, ਪਾਣੀ, ਬਿਜਲੀ, ਸਿਹਤ, ਸਿੱਖਿਆ ਅਤੇ ਸਰਬਪੱਖੀ ਵਿਕਾਸ ਵਰਗੇ ਮੁੱਦਿਆਂ 'ਤੇ ਲੋਕਾਂ ਦੀ ਭਲਾਈ ਲਈ ਕੰਮ ਕਰ ਰਿਹਾ ਹਾਂ। ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ, ÷ਸੂਬਾ ਸਰਕਾਰ ਛੇਤੀ ਹੀ ਜਥੇਦਾਰ ਸਾਹਿਬ ਨੂੰ ਪੱਤਰ ਲਿਖ ਕੇ ਦੱਸੇਗੀ ਕਿ ਕਿਸ ਤਰ੍ਹਾਂ ਮੈਨੂੰ ਬਦਨਾਮ ਕਰਨ ਲਈ ਇੱਕ ਫਰਜ਼ੀ ਵੀਡੀਓ ਵਿੱਚ ਮੇਰੀ ਨਕਲ ਉਤਾਰਨ ਵਾਲੇ ਵਿਅਕਤੀ ਦੀ ਵਰਤੋਂ ਕੀਤੀ ਗਈ। ਪੱਤਰ ਦੇ ਵੇਰਵਿਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਸਾਡੇ ਮੰਤਰੀਆਂ ਅਤੇ ਵਿਧਾਇਕਾਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋਣ ਤੋਂ ਬਾਅਦ ਅਸੀਂ ਅਗਲੀ ਰਣਨੀਤੀ 'ਤੇ ਵਿਚਾਰ-ਵਟਾਂਦਰਾ ਕਰਾਂਗੇ। ਸਿੱਖ ਪੰਥ ਵਿੱਚ ਸੰਗਤ ਹੀ ਸਰਵਉੱਚ ਹੈ ਅਤੇ ਹਰ ਫੈਸਲਾ ਉਸ ਦੀ ਇੱਛਾ ਅਨੁਸਾਰ ਲਿਆ ਜਾਵੇਗਾ ਕਿਉਂਕਿ ਸੰਗਤ ਹਰ ਕਦਮ ਦਾ ਨਿਆਂ ਕਰਨ ਵਿੱਚ ਪੂਰੀ ਤਰ੍ਹਾਂ ਸਮਰੱਥ ਹੈ।

**ਮਹਾਰਾਸ਼ਟਰ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

ਮਹਾਰਾਸ਼ਟਰ ਸਰਕਾਰ ਵੱਲੋਂ 70 ਸਾਲ ਪੁਰਾਣੇ 'ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ, 1956' ਨੂੰ ਰੱਦ ਕਰਨ ਦੇ ਫੈਸਲੇ ਬਾਰੇ ਪੁੱਛੇ ਗਏ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਮਹਾਰਾਸ਼ਟਰ ਸਰਕਾਰ ਨੂੰ ਸਿੱਖ ਕੌਮ ਦੇ ਮਾਮਲਿਆਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਮਹਾਰਾਸ਼ਟਰ ਦੀ ਭਾਜਪਾ ਸਰਕਾਰ ਨੂੰ ਅਜਿਹੀਆਂ ਕਾਰਵਾਈਆਂ ਰਾਹੀਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੋਂ ਬਚਣਾ ਚਾਹੀਦਾ ਹੈ, ਜੋ ਕਿਸੇ ਦੇ ਵੀ ਹਿੱਤ ਵਿੱਚ ਨਹੀਂ ਹਨ। ਸਿਆਸਤ ਅਤੇ ਧਰਮ ਵੱਖੋ-ਵੱਖਰੇ ਹਨ ਅਤੇ ਇਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਆਪਸ ਵਿੱਚ ਨਹੀਂ ਮਿਲਾਉਣਾ ਚਾਹੀਦਾ।

## ਸਾਰੇ ਕਾਂਗਰਸੀ ਸਿੱਖ ਵਿਧਾਇਕ ਅੱਜ ਸ੍ਰੀ ਅਕਾਲ...

ਵਿੱਚ ਮੀਡੀਆ ਨੂੰ ਸੰਬੋਧਨ ਕਰਦਿਆਂ ਵੜਿੰਗ ਨੇ ਕਿਹਾ ਕਿ ਕਾਂਗਰਸ ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਅਤੇ ਪਵਿੱਤਰਤਾ ਦਾ ਸਤਿਕਾਰ ਕਰਦੀ ਹੈ ਅਤੇ ਸੰਮਨਾਂ ਦੀ ਪਾਲਣਾ ਕਰਨ ਦਾ ਫੈਸਲਾ ਕੀਤਾ ਹੈ।

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2026 ਦੇ ਪਾਸ ਹੋਣ ਦੇ ਸਬੰਧ ਵਿੱਚ ਸਿੱਖ ਵਿਧਾਇਕਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ, ਜਿਸ ਵਿੱਚ ਵਿਧਾਇਕਾਂ ਨੂੰ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਅਸੀਂ ਆਪਣੇ ਸੀਐਲਪੀ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਵਿਧਾਇਕਾਂ ਨਾਲ ਗੱਲ ਕੀਤੀ ਹੈ। ਜਿਨ੍ਹਾਂ ਵਿਧਾਇਕਾਂ ਨੂੰ ਨੋਟਿਸ ਜਾਂ ਸੰਮਨ ਪ੍ਰਾਪਤ ਹੋਏ ਹਨ, ਉਹ 29 ਤਰੀਕ ਨੂੰ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣਗੇ।

## ਅਵਾਰਾ ਕੁੱਤਿਆਂ ਨੇ ਨੋਚ-ਨੋਚ...

ਸਿੰਘ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ, ਸਰਬਜੀਤ ਸਿੰਘ ਪਿੰਡ ਦੇ ਹੀ ਇੱਕ ਜ਼ਿਮੀਂਦਾਰ ਦੇ ਘਰ ਮਜ਼ਦੂਰ ਵਜੋਂ ਕੰਮ ਕਰਦਾ ਸੀ। ਬੀਤੀ ਰਾਤ ਉਹ ਝੋਨੇ ਦੇ ਖੇਤ ਵਿੱਚ ਪਾਣੀ ਲਗਾਉਣ ਤੋਂ ਬਾਅਦ ਆਪਣੇ ਘਰ ਪਰਤ ਰਿਹਾ ਸੀ। ਜਦੋਂ ਉਹ ਆਪਣੇ ਘਰ ਤੋਂ ਮਹਿਜ਼ 100 ਮੀਟਰ ਦੀ ਦੂਰੀ 'ਤੇ ਪਹੁੰਚਿਆ, ਤਾਂ ਹਨ੍ਹੇਰੇ ਵਿੱਚ ਅਵਾਰਾ ਕੁੱਤਿਆਂ ਦੇ ਝੁੰਡ ਨੇ ਉਸ ਨੂੰ ਘੇਰ ਲਿਆ ਅਤੇ ਬੁਰੀ ਤਰ੍ਹਾਂ ਹਮਲਾ ਕਰ ਦਿੱਤਾ। ਕੁੱਤਿਆਂ ਨੇ ਉਸ ਨੂੰ ਇੰਨਾ ਜ਼ਿਆਦਾ ਨੋਚਿਆ ਕਿ ਉਸ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਅੱਜ ਸਵੇਰੇ ਜਦੋਂ ਪਿੰਡ ਵਾਸੀਆਂ ਨੇ ਝੋਨੇ ਦੇ ਖੇਤ ਵਿੱਚ ਸਰਬਜੀਤ ਸਿੰਘ ਦੀ ਲਾਸ਼ ਨੂੰ ਬੁਰੀ ਤਰ੍ਹਾਂ ਖ਼ਤਮ ਹੋਈ ਹਾਲਤ ਵਿੱਚ ਪਿਆ ਦੇਖਿਆ, ਤਾਂ ਪੂਰੇ ਪਿੰਡ ਵਿੱਚ ਸਨਸਨੀ ਅਤੇ ਦਹਿਸ਼ਤ ਫੈਲ ਗਈ। ਮ੍ਰਿਤਕ ਆਪਣੇ ਪਿੱਛੇ ਦੋ ਬੱਚੇ ਅਤੇ ਪਰਿਵਾਰ ਛੱਡ ਗਿਆ ਹੈ, ਜਿਨ੍ਹਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਅਵਾਰਾ ਕੁੱਤਿਆਂ ਦੀ ਸਮੱਸਿਆ ਦਾ ਜਲਦ ਹੱਲ ਕਰਨ ਦੀ ਮੰਗ ਕੀਤੀ ਹੈ।

## ਜਲਵਾਯੂ ਤਬਦੀਲੀ ਦਾ ਸਭ ਤੋਂ ਵੱਧ ਅਸਰ...

ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਹਿੰਦ ਮਹਾਸਾਗਰ ਭਾਰਤ ਅਤੇ ਸੇਸ਼ਲਸ ਨੂੰ ਵੱਖ ਨਹੀਂ ਕਰਦਾ, ਸਗੋਂ ਜੋੜਦਾ ਹੈ। ਉਨ੍ਹਾਂ ਦੋਵਾਂ ਦੇਸ਼ਾਂ ਵਿਚਾਲੇ ਮੱਛੀ ਪਾਲਣ, ਸਮੁੰਦਰੀ ਵਿਗਿਆਨ, ਤੱਟੀ ਪ੍ਰਬੰਧਨ, ਊਰਜਾ ਅਤੇ ਟਿਕਾਊ ਸੈਰ-ਸਪਾਟੇ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਦਾ ਵੀ ਪ੍ਰਸਤਾਵ ਰੱਖਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਐਤਵਾਰ ਨੂੰ ਸੇਸ਼ੇਲਜ਼ ਦੀ ਸੰਸਦ ਨੂੰ ਦਿੱਤਾ ਗਿਆ ਭਾਸ਼ਣ, ਉਨ੍ਹਾਂ ਦੇ ਕਾਰਜਕਾਲ ਦੌਰਾਨ ਵਿਦੇਸ਼ੀ ਧਰਤੀ 'ਤੇ ਕਿਸੇ ਰਾਸ਼ਟਰੀ ਸੰਸਦ ਵਿੱਚ ਦਿੱਤਾ ਗਿਆ 20ਵਾਂ ਭਾਸ਼ਣ ਹੈ। ਜੇਕਰ ਪਿਛਲੇ ਭਾਸ਼ਣਾਂ 'ਤੇ ਨਜ਼ਰ ਮਾਰੀਏ ਤਾਂ ਸਾਲ 2014 ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ, ਪੀਐਮ ਮੋਦੀ ਨੇ ਭੂਟਾਨ, ਨੇਪਾਲ, ਆਸਟਰੇਲੀਆ ਅਤੇ ਫਿਜੀ ਦੀਆਂ ਸੰਸਦਾਂ ਨੂੰ ਸੰਬੋਧਨ ਕੀਤਾ ਸੀ। ਇਸ ਤੋਂ ਅਗਲੇ ਸਾਲ, ਯਾਨੀ 2015 ਵਿੱਚ, ਉਨ੍ਹਾਂ ਨੇ ਮਾਰੀਸ਼ਸ ਦੀ ਨੈਸ਼ਨਲ ਅਸੈਂਬਲੀ ਸਮੇਤ ਸ਼੍ਰੀਲੰਕਾ, ਮੰਗੋਲੀਆ, ਯੂਨਾਈਟਿਡ ਕਿੰਗਡਮ ਅਤੇ ਅਫ਼ਗਾਨਿਸਤਾਨ ਦੀਆਂ ਸੰਸਦਾਂ ਨੂੰ ਸੰਬੋਧਨ ਕੀਤਾ।

ਇਹ ਸਿਲਸਿਲਾ ਅੱਗੇ ਵਧਦਾ ਗਿਆ ਅਤੇ ਪ੍ਰਧਾਨ ਮੰਤਰੀ ਮੋਦੀ ਨੇ 2016 ਵਿੱਚ ਅਮਰੀਕੀ ਕਾਂਗਰਸ (ਸੰਸਦ) ਨੂੰ ਸੰਬੋਧਨ ਕੀਤਾ, ਜਿਸ ਤੋਂ ਬਾਅਦ 2023 ਵਿੱਚ ਉੱਥੇ ਦੂਜੀ ਵਾਰ ਭਾਸ਼ਣ ਦਿੱਤਾ। ਇਸ ਦੇ ਨਾਲ ਹੀ ਉਹ ਅਮਰੀਕੀ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਦੋ ਵਾਰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣ ਗਏ।

## ਸਮੁੰਦਰ ਤੋਂ ਲੈ ਕੇ ਅਸਮਾਨ ਤੱਕ, ਤੇਜ਼ੀ ਨਾਲ...

ਹੋਈਆਂ ਹਨ। ਹਾਲ ਹੀ ਵਿੱਚ ਮੈਨੂੰ ਕੋਲਕਾਤਾ ਵਿੱਚ ਇੱਕ ਜਲ ਸੈਨਾ ਨਾਲ ਸਬੰਧਿਤ ਸਮਾਗਮ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜਿੱਥੇ INS ਦੂਨਾਗਿਰੀ, INS ਸੰਦੋਧਕ ਅਤੇ INS ਆਗਰਾ ਨੂੰ ਭਾਰਤੀ ਜਲ ਸੈਨਾ ਦੇ ਬੇੜੇ ਵਿੱਚ ਸ਼ਾਮਲ ਕੀਤਾ ਗਿਆ ਸੀ। ਇਨ੍ਹਾਂ ਜਹਾਜ਼ਾਂ ਦੇ ਡਿਜ਼ਾਈਨ ਤੋਂ ਲੈ ਕੇ ਨਿਰਮਾਣ ਤੱਕ, ਸਭ ਕੁਝ ਸਵਦੇਸ਼ੀ ਹੈ। ਪੀਐਮ ਮੋਦੀ ਨੇ ਕਿਹਾ, ਦੇਸ਼ ਨੇ ਜੂਨ ਵਿੱਚ ਹੀ ਹਵਾਬਾਜ਼ੀ ਖੇਤਰ ਵਿੱਚ ਵੱਡੀ ਸਫਲਤਾ ਹਾਸਿਲ ਕੀਤੀ। ਸੀ-295 ਜਹਾਜ਼ ਜੋ ਕਿ 'ਮੇਡ ਇਨ ਇੰਡੀਆ' ਹੈ, ਨੇ ਆਪਣੀ ਪਹਿਲੀ ਉਡਾਣ ਪੂਰੀ ਕਰ ਲਈ ਹੈ, ਅਤੇ ਭਾਰਤ ਵਿੱਚ ਅਜਿਹੇ 40 ਜਹਾਜ਼ ਬਣਾਏ ਜਾ ਰਹੇ ਹਨ। ਇਹ ਐਮਐਸਐਮਈ ਅਤੇ ਏਅਰੋਸਪੇਸ ਖੇਤਰਾਂ ਨੂੰ ਨਵੀਂ ਗਤੀ ਦੇ ਰਿਹਾ ਹੈ, ਰੁਜ਼ਗਾਰ ਦੇ ਮੌਕੇ ਵਧਾ ਰਿਹਾ ਹੈ, ਅਤੇ ਸਵੈ-ਨਿਰਭਰ ਭਾਰਤ ਦੇ ਸੰਕਲਪ ਨੂੰ ਮਜ਼ਬੂਤ ਕਰ ਰਿਹਾ ਹੈ। ਉਨ੍ਹਾਂ ਕਿਹਾ ਇਸ ਮਹੀਨੇ ਡੀਆਰਡੀਓ ਨੇ ਇੱਕ ਸਵਦੇਸ਼ੀ ਲੰਬੀ ਦੂਰੀ ਵਾਲੀ ਜ਼ਮੀਨ-ਹਮਲਾ ਕਰੂਜ਼ ਮਿਜ਼ਾਈਲ ਦਾ ਵੀ ਸਫਲਤਾਪੂਰਵਕ ਪ੍ਰੀਖਣ ਕੀਤਾ।

## ਕਾਰ ਖੱਡ ਵਿੱਚ ਡਿੱਗਣ ਕਾਰਨ 4 ਲੋਕਾਂ...

10:30 ਵਜੇ ਦੇ ਕਰੀਬ ਇੱਕ ਹੋਰ ਦਰਦਨਾਕ ਸੜਕ ਹਾਦਸਾ ਵਾਪਰਿਆ। ਸਮਰਾ-ਉਰਾਈ ਲਿੰਕ ਰੋਡ 'ਤੇ ਇੱਕ ਆਲਟੋ ਕਾਰ ਬੇਕਾਬੂ ਹੋ ਗਈ, 300 ਫੁੱਟ ਡੂੰਘੀ ਖੱਡ ਵਿੱਚ ਡਿੱਗ ਗਈ ਅਤੇ ਨਾਲੇ ਵਿੱਚ ਡਿੱਗ ਗਈ। ਕਾਰ ਵਿੱਚ ਸਵਾਰ ਤਿੰਨ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਔਰਤ ਦੀ ਹਸਪਤਾਲ ਜਾਂਦੇ ਸਮੇਂ ਮੌਤ ਹੋ ਗਈ। ਹਾਦਸੇ ਵਿੱਚ ਗੰਭੀਰ ਜ਼ਖਮੀ ਹੋਏ ਇੱਕ ਵਿਅਕਤੀ ਨੂੰ ਇਲਾਜ ਲਈ ਚੰਬਾ ਦੇ ਮੈਡੀਕਲ ਕਾਲਜ ਵਿੱਚ ਦਾਖਲ ਕਰਵਾਇਆ ਗਿਆ ਹੈ।

## ਨਦੀ 'ਚ ਡੁੱਬਣ ਨਾਲ ਪੰਜਾਬੀ ਨੌਜਵਾਨ...

ਵਿੱਚ ਵੀ ਗਮਗੀਨ ਮਾਹੌਲ ਪੈਦਾ ਹੋ ਗਿਆ ਹੈ। ਜਾਣਕਾਰੀ ਮੁਤਾਬਕ ਗੁਰਸੇਵਕ ਸਿੰਘ ਕਰੀਬ ਅੱਠ ਮਹੀਨੇ ਪਹਿਲਾਂ ਵਧੀਆ ਰੋਜ਼ਗਾਰ ਅਤੇ ਪਰਿਵਾਰ ਦੀ ਆਰਥਿਕ ਹਾਲਤ ਸੁਧਾਰਨ ਦੀ ਉਮੀਦ ਨਾਲ ਵਰਕ ਪਰਮਿਟ 'ਤੇ ਸਲੋਵਾਕੀਆ ਗਿਆ ਸੀ। ਪਰ ਕਿਸਮਤ ਨੇ ਉਸ ਦਾ ਸਾਥ ਨਹੀਂ ਦਿੱਤਾ ਅਤੇ ਇਕ ਹਾਦਸੇ ਦੌਰਾਨ ਉਹ ਦਰਿਆ ਦੇ ਪਾਣੀ ਵਿੱਚ ਡੁੱਬ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਅਨੁਸਾਰ ਘਰ ਵਿੱਚ ਵੱਡੇ ਭਰਾ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ, ਜੋ 31 ਦਸੰਬਰ ਨੂੰ ਹੋਣਾ ਸੀ। ਪਰ ਇਸ ਦੁਖਦਾਈ ਖ਼ਬਰ ਨੇ ਖੁਸ਼ੀਆਂ ਨੂੰ ਪੂਰੀ ਤਰ੍ਹਾਂ ਗਮ ਵਿੱਚ ਬਦਲ ਦਿੱਤਾ ਹੈ। ਘਰ ਵਿੱਚ ਰੋ-ਰੋ ਕੇ ਹਾਲਾਤ ਬੇਹੱਦ ਦੁਖਦਾਈ ਬਣੇ ਹੋਏ ਹਨ।

ਪਰਿਵਾਰ ਨੇ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਭਾਰਤੀ ਦੂਤਾਵਾਸ ਨੂੰ ਅਪੀਲ ਕੀਤੀ ਹੈ ਕਿ ਮ੍ਰਿਤਕ ਦੀ ਦੇਹ ਜਲਦੀ ਤੋਂ ਜਲਦੀ ਭਾਰਤ ਵਾਪਸ ਲਿਆਂਦੀ ਜਾਵੇ, ਤਾਂ ਜੋ ਉਸ ਦਾ ਅੰਤਿਮ ਸੰਸਕਾਰ ਉਸ ਦੇ ਜਨਮਭੂਮੀ ਵਿੱਚ ਕੀਤਾ ਜਾ ਸਕੇ ਅਤੇ ਪਰਿਵਾਰ ਆਪਣੇ ਪੁੱਤਰ ਨੂੰ ਆਖਰੀ ਵਿਦਾਈ ਦੇ ਸਕੇ।

## ਵੈਨੇਜ਼ੁਏਲਾ 'ਚ ਭੂਚਾਲ ਕਰਕੇ 1,430 ਮੌਤਾਂ ਦੀ...

ਸਥਾਨਕ ਲੋਕ ਹੀ ਰਾਹਤ ਕਾਰਜਾਂ ਵਿੱਚ ਵੱਡੀ ਭੂਮਿਕਾ ਨਿਭਾ ਰਹੇ ਹਨ। ਕਾਰਜਕਾਰੀ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਨੇ ਲੋਕਾਂ ਨੂੰ ਲਾ ਗੁਆਇਰਾ ਵੱਲ ਬਿਨਾਂ ਲੋੜ ਯਾਤਰਾ ਨਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸੜਕਾਂ ਨੂੰ ਖੁੱਲ੍ਹਾ ਰੱਖਣਾ ਬਹੁਤ ਜ਼ਰੂਰੀ ਹੈ ਤਾਂ ਜੋ ਪੁਲਿਸ, ਫਾਇਰ ਬ੍ਰਿਗੇਡ ਅਤੇ ਸਿਵਲ ਸੁਰੱਖਿਆ ਦੀਆਂ ਟੀਮਾਂ ਪ੍ਰਭਾਵਿਤ ਇਲਾਕਿਆਂ ਤੱਕ ਤੇਜ਼ੀ ਨਾਲ ਪਹੁੰਚ ਸਕਣ। ਮੀਡੀਆ ਰਿਪੋਰਟਾਂ ਅਨੁਸਾਰ, ਭੂਚਾਲ ਕਾਰਨ ਕਰਾਕਸ ਅਤੇ ਉੱਤਰੀ ਤੱਟੀ ਖੇਤਰਾਂ ਵਿੱਚ ਸੈਂਕੜੇ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ, ਕਈ ਹਸਪਤਾਲ ਅਤੇ ਸ਼ਾਪਿੰਗ ਸੈਂਟਰ ਢਹਿ ਗਏ ਹਨ। ਇਸ ਤੋਂ ਇਲਾਵਾ ਲਗਭਗ 1,000 ਹੋਰ ਬੁਨਿਆਦੀ ਢਾਂਚਿਆਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਲਾ ਗੁਆਇਰਾ, ਜਿੱਥੇ ਦੇਸ਼ ਦਾ ਮੁੱਖ ਬੰਦਰਗਾਹ ਅਤੇ ਸਿਮੋਨ ਬੋਲੀਵਰ ਅੰਤਰਰਾਸ਼ਟਰੀ ਹਵਾਈ ਅੱਡਾ ਸਥਿਤ ਹੈ, ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ ਸ਼ਾਮਲ ਹੈ। ਇੱਥੇ ਹੁਣ ਤੱਕ 243 ਲੋਕਾਂ ਨੂੰ ਮਲਬੇ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਜਾ ਚੁੱਕਾ ਹੈ, ਜਦਕਿ ਬਚਾਅ ਮੁਹਿੰਮ ਲਗਾਤਾਰ ਜਾਰੀ ਹੈ।

## ਪੰਜਾਬ-ਹਰਿਆਣਾ ਹਾਈਕੋਰਟ ਦੇ ਸਿਟਿੰਗ ਜੱਜ...

ਅਤੇ ਬੇਦਾਗ਼ ਨਿਆਇਕ ਕਰੀਅਰ ਰਿਹਾ ਹੈ।

10 ਜੁਲਾਈ 2017 ਨੂੰ ਪਹਿਲੀ ਵਾਰ ਉਨ੍ਹਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਧੀਕ ਜੱਜ ਵਜੋਂ ਤਾਇਨਾਤ ਕੀਤਾ ਗਿਆ ਸੀ। 3 ਦਸੰਬਰ 2018 ਨੂੰ ਉਨ੍ਹਾਂ ਦੀਆਂ ਬਿਹਤਰੀਨ ਸੇਵਾਵਾਂ ਨੂੰ ਦੇਖਦਿਆਂ, ਉਨ੍ਹਾਂ ਨੂੰ ਹਾਈ ਕੋਰਟ ਦਾ ਸਥਾਈ ਜੱਜ ਨਿਯੁਕਤ ਕੀਤਾ ਗਿਆ ਸੀ। ਕਾਨੂੰਨੀ ਮਾਹਿਰਾਂ ਅਤੇ ਵਕੀਲਾਂ ਵੱਲੋਂ ਜਸਟਿਸ ਸਿੰਧੂ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

## ਹਥਿਆਰਾਂ ਦੀ ਨੋਕ 'ਤੇ ਸਰਕਾਰੀ ਗੁਦਾਮ...

ਹੀ ਸਥਾਨਕ ਪੁਲਿਸ ਦੀ ਟੀਮ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਵੱਲੋਂ ਸੁਰਾਗ ਹਾਸਲ ਕਰਨ ਲਈ ਗੁਦਾਮ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਖੰਗਾਲਿਆ ਜਾ ਰਹੀ ਹੈ।

## ਸਰਕਾਰੀ ਛੁੱਟੀ ਦਾ ਐਲਾਨ

ਮੱਦੇਨਜ਼ਰ, ਸੂਬੇ ਵਿੱਚ ਇਸ ਦਿਨ ਲਈ ਜਨਤਕ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਦੁਆਰਾ ਜਾਰੀ ਕੀਤੇ ਗਏ ਸਰਕਾਰੀ ਛੁੱਟੀਆਂ ਦੇ ਕੈਲੰਡਰ ਵਿੱਚ 29 ਜੂਨ ਨੂੰ ਗਜ਼ਟਿਡ ਛੁੱਟੀ ਵਜੋਂ ਵੀ ਮਨੋਨੀਤ ਕੀਤਾ ਗਿਆ ਹੈ। 29 ਜੂਨ ਨੂੰ ਪੰਜਾਬ ਵਿੱਚ ਜਨਤਕ ਛੁੱਟੀ ਹੋਵੇਗੀ। ਇਸ ਲਈ, ਸਾਰੇ ਸਰਕਾਰੀ ਦਫ਼ਤਰ, ਬੋਰਡ ਅਤੇ ਨਿਗਮ ਦਫ਼ਤਰ ਬੰਦ ਰਹਿਣਗੇ। ਇਹ ਛੁੱਟੀ ਕਬੀਰ ਜਯੰਤੀ ਦੇ ਮੌਕੇ 'ਤੇ ਮਨਾਈ ਜਾ ਰਹੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਪੰਜਾਬ ਵਿੱਚ ਕਬੀਰ ਜਯੰਤੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਇਸ ਦੌਰਾਨ, ਗਰਮੀ ਕਾਰਨ ਸੂਬੇ ਦੇ ਸਾਰੇ ਨਿੱਜੀ ਅਤੇ ਸਰਕਾਰੀ ਸਕੂਲ ਪਹਿਲਾਂ ਹੀ ਬੰਦ ਹਨ, ਅਤੇ ਸਰਕਾਰ ਨੇ ਆਪਣੇ ਦਫ਼ਤਰਾਂ ਦੇ ਕੰਮ ਕਰਨ ਦੇ ਸਮੇਂ ਵਿੱਚ ਵੀ ਸੋਧ ਕੀਤੀ ਹੈ।

## ਅੰਮ੍ਰਿਤਸਰ ਏਅਰਪੋਰਟ ਵੱਲੋਂ ਐਡਵਾਈਜ਼ਰੀ ਜਾਰੀ

ਫਲਾਈਟ ਛੁੱਟਣ ਵਰਗੀ ਮੰਦਭਾਗੀ ਅਤੇ ਪ੍ਰੇਸ਼ਾਨੀ ਭਰੀ ਸਥਿਤੀ ਪੈਦਾ ਨਾ ਹੋਵੇ। ਏਅਰਪੋਰਟ ਅਥਾਰਟੀ ਵੱਲੋਂ ਜਾਰੀ ਕੀਤੀ ਗਈ ਇਸ ਅਧਿਕਾਰਤ ਐਡਵਾਈਜ਼ਰੀ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਸਾਰੇ ਮੁਸਾਫ਼?ਰ ਆਪਣੀ ਫਲਾਈਟ ਦੇ ਨਿਰਧਾਰਤ ਸਮੇਂ ਤੋਂ ਕਾਫੀ ਪਹਿਲਾਂ ਹਵਾਈ ਅੱਡੇ 'ਤੇ ਪਹੁੰਚਣ ਦੀ ਕੋਸ਼ਿਸ਼ ਕਰਨ। ਇਸ ਨਾਲ ਉਹ ਸਮੇਂ ਸਿਰ ਆਪਣੀ ਟਿਕਟ ਚੈੱਕ-ਇਨ, ਸੁਰੱਖਿਆ ਜਾਂਚ ਅਤੇ ਹੋਰ ਸਾਰੀਆਂ ਜ਼ਰੂਰੀ ਹਵਾਈ ਰਸਮਾਂ ਨੂੰ ਬਿਨਾਂ ਕਿਸੇ ਹੜਬੜਾਹਟ ਦੇ ਪੂਰਾ ਕਰ ਸਕਣਗੇ। ਪ੍ਰਸ਼ਾਸਨ ਮੁਤਾਬਕ, ਸਮੇਂ ਦੀ ਇਸ ਸੁਚੱਜੀ ਵਰਤੋਂ ਨਾਲ ਯਾਤਰੀਆਂ ਨੂੰ ਆਪਣੀ ਸਫ਼ਰੀ ਪ੍ਰਕਿਰਿਆ ਦੌਰਾਨ ਕਿਸੇ ਵੀ ਤਰ੍ਹਾਂ ਦੀ ਦਿੱਕਤ ਜਾਂ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਦੇ ਨਾਲ ਹੀ, ਹਵਾਈ ਅੱਡਾ ਪ੍ਰਸ਼ਾਸਨ ਨੇ ਸਮਾਗਮ ਵਿੱਚ ਆਉਣ ਵਾਲੇ ਸਮੂਹ ਸ਼ਰਧਾਲੂਆਂ ਅਤੇ ਹਵਾਈ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ ਟਰੈਫਿਕ ਪੁਲਿਸ ਅਤੇ ਉੱਥੇ ਤਾਇਨਾਤ ਸੁਰੱਖਿਆ ਏਜੰਸੀਆਂ ਵੱਲੋਂ ਦਿੱਤੇ ਜਾਣ ਵਾਲੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਗੁਜ਼ਾਰਿਸ਼ ਕੀਤੀ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਇਸ ਵੱਡੇ ਧਾਰਮਿਕ ਆਯੋਜਨ ਦੌਰਾਨ ਆਵਾਜਾਈ ਵਿਵਸਥਾ ਨੂੰ ਸੁਚਾਰੂ ਰੱਖਿਆ ਜਾ ਸਕਦਾ ਹੈ ਅਤੇ ਨਾਲ ਹੀ ਹਵਾਈ ਸੇਵਾਵਾਂ ਦੇ ਸੰਚਾਲਨ ਨੂੰ ਵੀ ਬਿਨਾਂ ਕਿਸੇ ਰੁਕਾਵਟ ਦੇ ਸਫ਼ਲਤਾਪੂਰਵਕ ਜਾਰੀ ਰੱਖਿਆ ਜਾ ਸਕਦਾ ਹੈ।


## ਵਗਦੇ ਪਾਣੀ ਦੀਆਂ ਲਹਿਰਾਂ ਨੂੰ ਮੋੜ....

ਹੁੰਗਾਰਾ ਮਿਲਿਆ। ਜਿੱਥੇ ਨਾਟਕ ਦੇ ਸਾਰੇ ਪਾਤਰਾਂ ਦੀ ਤਾਰੀਫ ਕੀਤੀ ਗਈ ਉਥੇ ਨਾਟਕ ਦੀ ਪੇਸ਼ਕਾਰੀ ਦੀ ਵੀ ਸ਼ਲਾਘਾ ਕਰਦਿਆਂ ਸਾਰੇ ਪਾਤਰਾਂ ਦਾ ਪਿੱਠਵਰਤੀ ਕਾਰਜ ਵੀ ਸ਼ਲਾਘਾਯੋਗ ਰਿਹਾ ਅਤੇ ਦਰਸ਼ਕਾਂ ਵੱਲੋਂ ਅਜਿਹੇ ਨਾਟਕ ਪਿੰਡ ਪਿੰਡ ਸ਼ਹਿਰ ਸ਼ਹਿਰ ਕਰਕੇ ਸੁਨੇਹਾ ਦੇਣ ਦਾ ਕਾਰਜ ਅੱਗੇ ਵਧਾਉਣ ਦੀ ਤਾਕੀਦ ਵੀ ਕੀਤੀ ਗਈ। ਇਸ ਮੌਕੇ ਤਰਸੇਮ ਦਿਓਗਣ, ਦੀਪ ਜਗਦੀਪ ਸਿੰਘ, ਲਲਿਤ ਬੇਰੀ, ਅਸ਼ਵਨੀ ਜੇਤਲੀ, ਸਰਬਜੀਤ ਲੁਧਿਆਣਵੀ, ਅਮਨਦੀਪ ਚੀਮਾ, ਕੰਵਲ ਲੋਟੇ, ਸੁਰਿੰਦਰਪਾਲ ਸਿੰਘ ਹੁੰਦਲ, ਕੁਲਜੋਤ ਸਿੰਘ ਵੀ ਹਾਜ਼ਰ ਸਨ।

# 990 ਆਮ ਆਦਮੀ ਕਲੀਨਿਕ ਨਾਲ ਘਰ ਨੇੜੇ ਮਿਲ ਰਿਹਾ ਮੁ.ਫਤ ਇਲਾਜ

ਜ਼ਿਕਰ ਪੰਜਾਬ


**ਚੰਡੀਗੜ੍ਹ** : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇੱਕ ਸਿਹਤਮੰਦ ਅਤੇ ਖੁਸ਼ਹਾਲ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਪੰਜਾਬ ਵਾਸੀਆਂ ਨੂੰ ਬਿਮਾਰੀਆਂ ਦੇ ਇਲਾਜ ਜਾਂ ਫਿਰ ਬਿਮਾਰੀ ਵੇਲੇ ਦਵਾਈ ਲੈਣ ਜ਼ਿਆਦਾ ਦੂਰ ਨਾ ਜਾਣਾ ਪਵੇ, ਇਸ ਲਈ ਪੰਜਾਬ ਸਰਕਾਰ ਨੇ ਸਿਹਤ ਖੇਤਰ 'ਚ ਹੋਰ ਵੀ ਸੁਧਾਰ ਕਰਨ ਲਈ 'ਆਮ ਆਦਮੀ ਕਲੀਨਿਕ' ਸਥਾਪਿਤ ਕੀਤੇ ਹਨ। ਮਾਨ ਸਰਕਾਰ ਵੱਲੋਂ ਸੂਬੇ ਭਰ 'ਚ ਸਥਾਪਿਤ ਕੀਤੇ 'ਆਮ ਆਦਮੀ ਕਲੀਨਿਕ' ਨਾਲ ਵੱਡੀ ਆਬਾਦੀ ਨੂੰ ਲਾਭ ਮਿਲ ਰਿਹਾ ਹੈ। 15 ਅਗਸਤ 2022 ਨੂੰ ਸ਼ੁਰੂ ਹੋਈ ਇਹ ਲੋਕ ਭਲਾਈ ਯੋਜਨਾ ਨਿਰਵਿਘਨ ਜਾਰੀ ਹੈ। ਇਹ ਆਮ ਆਦਮੀ ਕਲੀਨਿਕ ਪੰਜਾਬ ਦੇ ਸਾਰੇ ਸ਼ਹਿਰਾਂ ਅਤੇ ਪਿੰਡਾਂ 'ਚ ਸਥਾਪਿਤ ਕੀਤੇ ਗਏ ਹਨ, ਜਿੱਥੇ ਪੰਜਾਬ ਦੇ ਲੋਕ ਇਨ੍ਹਾਂ ਕਲੀਨਿਕਾਂ ਤੋਂ ਘਰ ਨੇੜੇ ਹੀ ਸਿਹਤ ਸੰਬੰਧੀ ਜਾਂਚ, ਦਵਾਈਆਂ ਅਤੇ ਇਲਾਜ ਕਰਵਾ ਰਹੇ ਹਨ। ਆਮ ਆਦਮੀ ਕਲੀਨਿਕਾਂ 'ਚ ਲੋਕਾਂ ਨੂੰ ਛੋਟੀਆਂ ਬਿਮਾਰੀਆਂ ਸੰਬੰਧੀ ਟੈਸਟ ਅਤੇ ਇਲਾਜ ਸਹੂਲਤਾਂ ਮਿਲਣ ਨਾਲ ਹਸਪਤਾਲਾਂ 'ਚ ਲੰਬੀਆਂ ਕਤਾਰਾਂ ਤੋਂ ਰਾਹਤ ਮਿਲੀ ਹੈ। ਮਾਨ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੰਜਾਬ ਭਰ 'ਚ ਹੁਣ ਤੱਕ ਕੁੱਲ 990 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਹਨ ਅਤੇ ਇਹ ਗਿਣਤੀ ਛੇਤੀ ਹੀ 1400 ਤੱਕ ਪਹੁੰਚ ਜਾਵੇਗੀ। ਇਨ੍ਹਾਂ ਆਮ ਆਦਮੀ ਕਲੀਨਿਕਾਂ 'ਚ 107 ਤਰ੍ਹਾਂ ਦੀਆਂ ਦਵਾਈਆਂ ਅਤੇ 47 ਤਰ੍ਹਾਂ ਦੇ ਡਾਇਗਨੌਸਟਿਕ ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਰੋਜ਼ਾਨਾ ਹਜ਼ਾਰਾਂ ਲੋਕ ਇਨ੍ਹਾਂ ਕਲੀਨਿਕਾਂ 'ਚ ਇਲਾਜ ਲਈ ਆਉਂਦੇ ਹਨ ਅਤੇ ਓਪੀਡੀ 'ਚ ਮਰੀਜ਼ਾਂ ਦੀ ਗਿਣਤੀ 5 ਕਰੋੜ ਨੂੰ ਪਾਰ ਕਰ ਚੁੱਕੀ ਹੈ, ਜਿਸ ਨਾਲ ਸਰਕਾਰੀ ਸਿਹਤ ਸੰਭਾਲ ਸੰਸਥਾਵਾਂ 'ਚ ਪੰਜਾਬ ਵਾਸੀਆਂ ਦਾ ਵਿਸ਼ਵਾਸ ਹੋਰ ਮਜ਼ਬੂਤ ਹੋ ਰਿਹਾ ਹੈ ਆਮ ਆਦਮੀ ਕਲੀਨਿਕਾਂ ਨਾਲ ਲੋਕਾਂ ਨੂੰ ਆਰਥਿਕ ਤੌਰ 'ਤੇ ਵੀ ਰਾਹਤ ਮਿਲੀ ਹੈ।



ਸੰਪਾਦਕੀ

# ਨਸ਼ਿਆਂ ਤੋਂ ਨਿਜਾਤ


ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਖ਼ਾਸੇ ਚੰਗੇ ਸਿੱਟੇ ਨਿਕਲ ਰਹੇ ਹਨ। ਇਸ ਬਾਰੇ ਚਰਚਾ ਕਰਦਿਆਂ ਕੈਬਨਿਟ ਮੰਤਰੀ ਸ: ਹਰਜੋਤ ਸਿੰਘ ਬੈਂਸ ਨੇ ਬੀਤੇ ਦਿਨ ਰੂਪਨਗਰ ਜ਼ਿਲ੍ਹੇ 'ਚ ਨਸ਼ਾ ਤਸਕਰਾਂ ਖ਼ਿਲਾਫ਼ ਕੀਤੀ ਗਈ ਵੱਡੀ ਕਾਰਵਾਈ ਬਾਰੇ ਗੱਲ ਕੀਤੀ। ਜ਼ਿਲ੍ਹਾ ਪੱਧਰੀ ਸਮੀਖਿਆ ਮੀਟਿੰਗ ਦੌਰਾਨ ਸ: ਬੈਂਸ ਨੇ ਦੱਸਿਆ ਕਿ ਹੁਣ ਤੱਕ 'ਸੇਫ ਪੰਜਾਬ ਪੋਰਟਲ' ਰਾਹੀਂ ਮਿਲੀ ਗੁਪਤ ਸੂਚਨਾ ਦੇ ਆਧਾਰ 'ਤੇ 417 ਮੁਕੱਦਮੇ ਦਰਜ ਕੀਤੇ ਗਏ। ਇਸ ਦੇ ਨਾਲ ਹੀ 'ਵਿਲੇਜ ਡਿਫੈਂਸ



ਕਮੇਟੀ' ਦੀਆਂ ਸ਼ਿਕਾਇਤਾਂ 'ਤੇ 43 ਅਤੇ 'ਵੱਟਸਐਪ ਚੈਟ ਬੋਟ ਸੇਫ ਪੰਜਾਬ' ਰਾਹੀਂ 374 ਮੁਕੱਦਮੇ ਐਨਡੀਪੀਐਸ ਐਕਟ ਤਹਿਤ ਦਰਜ ਹੋਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਾ ਤਸਕਰਾਂ ਦੇ ਘਰ ਅਤੇ ਹੌਂਸਲੇ ਤੋੜੇ ਗਏ ਹਨ। ਇਸ ਦੌਰਾਨ ਪਿੰਡਾਂ ਤੋਂ ਆਏ ਨਸ਼ਾ ਮੁਕਤੀ ਮੋਰਚੇ ਦੇ ਅਹੁਦੇਦਾਰਾਂ ਨੇ ਮੰਨਿਆ ਕਿ ਨਸ਼ਿਆਂ ਨੂੰ ਠੱਲ੍ਹ ਪਈ ਹੈ। ਮੁਹਿੰਮ ਹਾਲੇ ਖ਼ਤਮ ਨਹੀਂ ਹੋਈ, ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪੂਰੀ ਸ਼ਿੱਦਤ ਨਾਲ ਕੰਮ ਜਾਰੀ ਰਹੇਗਾ। ਲੋਕਾਂ ਨੂੰ ਜਾਗਰੂਕ ਕਰਨ ਲਈ ਜ਼ਿਲ੍ਹਾ ਪੁਲਿਸ ਵੱਲੋਂ ਸੈਮੀਨਾਰ ਲਗਾਏ ਗਏ ਹਨ। ਪੁਲਿਸ ਦਾ ਦਾਅਵਾ ਹੈ ਕਿ ਲਗਾਤਾਰ ਕਾਰਵਾਈ ਨਾਲ ਨਸ਼ਾ ਤਸਕਰਾਂ ਦਾ ਲੱਕ ਭੰਨਿਆ ਜਾ ਰਿਹੈ। 1 ਮਾਰਚ 2025 ਤੋ ਬਾਅਦ 821 ਮੁਕੱਦਮੇ ਦਰਜ ਹੋਏ। 1276 ਦੋਸ਼ੀ ਗ੍ਰਿਫ਼ਤਾਰ ਹੋਏ, ਜਿਨ੍ਹਾਂ 'ਚ 37 ਵੱਡੇ ਨਸ਼ਾ ਤਸਕਰ ਸ਼ਾਮਲ ਹਨ। 2023 ਤੋਂ ਹੁਣ ਤੱਕ 10.05 ਕਰੋੜ ਰੁਪਏ ਦੀ ਜਾਇਦਾਦ ਫਰੀਜ਼ ਕੀਤੀ ਗਈ। 5 ਮਹੀਨਿਆਂ ਤੋਂ ਵੀ ਘੱਟ ਸਮੇਂ 'ਚ 1000 ਕਿਲੋ ਤੋਂ ਵੱਧ ਹੈਰੋਇਨ ਬਰਾਮਦ ਕੀਤੀ ਗਈ। ਅੰਮ੍ਰਿਤਸਰ ਵਿਚ ਲਗਾਤਾਰ ਐਕਸ਼ਨ ਹੋਇਆ। ਨਸ਼ਾ ਤਸਕਰ ਅਨਵਰ ਗਿੱਲ ਤੇ ਅਭੀ ਦੇ ਘਰ ਤੋੜੇ ਗਏ। ਅਨਵਰ 'ਤੇ 5, ਅਭੀ 'ਤੇ 2 ਮਾਮਲੇ ਦਰਜ ਹੋਏ। ਖੰਨਾ ਦੇ ਪਿੰਡ ਰਾਣੋ 'ਚ ਨਸ਼ਾ ਤਸਕਰ ਸਰਪੰਚ ਗੁਰਦੀਪ ਸਿੰਘ ਦੀ ਗੈਰ-ਕਾਨੂੰਨੀ ਕੋਠੀ ਗਲਾਡਾ ਵੱਲੋਂ ਢਾਹੀ ਗਈ। ਉਸ 'ਤੇ ਨਸ਼ਿਆਂ ਦੇ 10 ਦੇ ਕਰੀਬ ਮਾਮਲੇ ਦਰਜ ਹਨ। ਬਠਿੰਡਾ ਵਿੱਚ ਧੋਬੀਆਣਾ ਬਸਤੀ 'ਚ 2 ਗੈਰ-ਕਾਨੂੰਨੀ ਇਮਾਰਤਾਂ ਢਾਹੀਆਂ। ਨੀਤੂ ਤੇ ਰਮੇਸ਼ ਸਾਹਨੀ ਉਰਫ ਰੈਂਬੋ ਦੇ ਘਰ ਢਹਿ ਢੇਰੀ ਕੀਤੇ।। ਦੋਵਾਂ 'ਤੇ ਨਸ਼ਾ ਤਸਕਰੀ ਤੇ ਹੋਰ ਸੰਗੀਨ ਜੁਰਮਾਂ ਦੇ 16 ਮੁਕੱਦਮੇ ਦਰਜ ਹਨ। ਤਰਨਤਾਰਨ ਵਿਚ ਘਰ-ਘਰ ਦਸਤਕ ਦੇ ਕੇ ਲੋਕਾਂ ਦਾ ਸਾਥ ਲਿਆ ਜਾ ਰਿਹਾ। ਇਸ ਤਰ੍ਹਾਂ ਹਰ ਜ਼ਿਲ੍ਹੇ, ਸ਼ਹਿਰ, ਕਸਬੇ, ਪਿੰਡ ਵਿਚ ਹੋਣ ਵਾਲੀਆਂ ਕਾਰਵਾਈਆਂ ਇਸ ਮੁਹਿੰਮ ਪ੍ਰਤੀ ਲੋਕਾਂ ਦੇ ਸਾਥ ਦਾ ਸਬੂਤ ਵੀ ਬਣ ਰਹੀਆਂ ਹਨ। ਪੰਜਾਬ ਨੂੰ ਨਸ਼ਿਆਂ ਤੋਂ ਨਿਜਾਤ ਦਿਵਾਉਣ ਲਈ ਸਰਕਾਰ ਦੀ ਸੁਹਿਰਦਤਾ ਤੇ ਲੋਕਾਂ ਦਾ ਸਮਰਥਨ ਚੰਗੇ ਸਿੱਟੇ ਦਰਸਾ ਰਿਹਾ ਹੈ ਜਿਸਨੂੰ ਦੇਖਦਿਆਂ ਆਸ ਬੱਝਦੀ ਹੈ ਕਿ ਪੰਜਾਬ ਜਲਦੀ ਹੀ ਨਸ਼ਾ ਮੁਕਤ ਸੂਬਾ ਬਣ ਜਾਵੇਗਾ।

**- ਅਸ਼ਵਨੀ ਜੇਤਲੀ**

## .ਗ਼ਜ਼ਲ



ਡਾ. ਜਗਤਾਰ

ਉਡਾਂਗਾ ਪੈ ਗਿਆ ਉਡਣਾ ਕਦੇ ਜੇ ਪਰ ਜਲਾ ਕੇ ।
ਹਨੇਰਾ ਚੀਰ ਦੇ ਅਟਕਾਂਗਾ ਪਰ ਮੰਜ਼ਿਲ 'ਤੇ ਜਾ ਕੇ ।

ਤਿਰੇ ਹੱਥਾਂ ਦਾ ਹਿਲਿਆ ਮੋਰ ਮਿੱਟੀ ਦਾ ਤਿਰੇ ਪਿੱਛੋਂ,
ਬਹੁਤ ਰੋਇਆ ਜੋ ਰਖਿਆ ਸੀ ਤੂੰ ਅੰਗੀਠੀ ਸਜਾ ਕੇ ।

ਇਹ ਥਾਂ ਥਾਂ ਛੇਕ ਕੰਧਾਂ ਦੇ ਤੇ ਮੇਖਾਂ ਦਸਦੀਆਂ ਨੇ,
ਕਿਸੇ ਟੰਗੀਆਂ ਸੀ ਤਸਵੀਰਾਂ ਕਦੇ ਏਥੇ ਲਿਆ ਕੇ ।

ਨਾ ਹੋਣੀ ਹੋ ਗਈ ਹੋਵੇ ਹਵਾ ਦੇ ਹੀ ਭੁਲੇਖੇ,
ਮੁੜੀ ਹੈ ਪੈੜ ਕਿਸ ਦੀ ਮੇਰੇ ਦਰਵਾਜ਼ੇ ਤੋਂ ਆ ਕੇ ।

ਜਾਂ ਬਾਰੀ ਖੋਲ੍ਹਦਾ ਸੁੰਨਸਾਨ ਗਲੀਆਂ ਕਹਿਰ ਢਾਵਣ,
ਹਵਾ ਡੰਗੇ ਗਏ ਮੌਸਮ ਦੀਆਂ ਯਾਦਾਂ ਲਿਆ ਕੇ ।

ਤਮਾਸ਼ਾ ਮੇਰਾ ਦਿਖਲਾ ਕੇ ਤਮਾਸ਼ਾ ਖ਼ੁਦ ਨਾ ਬਨਦੀ,
ਹਵਾ ਕਿਉਂ ਰੋ ਪਈ ਮੇਰੇ ਚਰਾਗਾਂ ਨੂੰ ਬੁਝਾ ਕੇ ।

ਅਸੀਂ ਇਕ ਵਰਕ ਦੇ ਹਾਂ ਦੋ ਸਫ਼ੇ ਕੈਸਾ ਮੁਕੱਦਰ,
ਜੁਦਾ ਵੀ ਹਾਂ ਇਕੱਠੇ ਵੀ ਹਾਂ ਇਸ ਜੀਵਨ 'ਚ ਆ ਕੇ ।

ਸੀ ਮੇਰਾ ਬਿਰਛ ਵਰਗਾ ਸਬਰ ਸ਼ੀਸ਼ੇ ਵਾਂਗ ਟੁੱਟਾ,
ਮੈਂ ਖ਼ੁਦ ਹੀ ਰੋ ਪਿਆ ਉਸ ਨੂੰ ਗ਼ਜ਼ਲ ਆਪਣੀ ਸੁਣਾ ਕੇ ।

ਨਾ ਰੰਗਾਂ ਦੀ ਜੁੜੀ ਮਹਿਫ਼ਲ ਨਾ ਮੇਲੇ ਜੁਗਨੂੰਆਂ ਦੇ,
ਬੜਾ ਡਿੱਠਾ ਤਿਰੇ ਪਿੱਛੋਂ ਨਸੀਬਾ ਆਜ਼ਮਾ ਕੇ ।

ਉਹ ਆਪਣੇ ਘਰ 'ਚ ਹੀ ਕਟਦਾ ਜਲਾਵਤਨੀ ਜਿਹੇ ਦਿਨ,
ਕਿਸੇ ਦਿਨ ਵੇਖ ਜਾ 'ਜਗਤਾਰ' ਆਪਣੇ ਨੂੰ ਤੂੰ ਆ ਕੇ ।

# ਸ੍ਰੀ ਅਕਾਲ ਤਖਤ ਸਾਹਿਬ ਨਾਲ ਟਕਰਾਓ ਭਗਵੰਤ ਮਾਨ ਦੇ ਸਿਆਸੀ ਪਤਨ ਦਾ ਕਾਰਨ ਵੀ ਬਣ ਸਕਦਾ ਹੈ

**ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਟਕਰਾਅ ਦਾ ਇਹ ਰਾਹ ਕਿਸੇ ਦੇ ਹੱਕ ਵਿੱਚ ਨਹੀਂ ਜਾਂਦਾ। ਭਗਵੰਤ ਮਾਨ ਲਈ ਵੀ ਨਹੀਂ। ਪੰਜਾਬ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਉਨ੍ਹਾਂ ਨੂੰ ਲੋਕਾਂ ਨੂੰ ਜੋੜਨ ਵਾਲਾ ਸੁਨੇਹਾ ਦੇਣਾ ਚਾਹੀਦਾ ਹੈ, ਨਾ ਕਿ ਅਜਿਹਾ ਮਾਹੌਲ ਬਣਨ ਦੇਣਾ ਚਾਹੀਦਾ ਹੈ ਜਿਸ ਨਾਲ ਸਿੱਖ ਸੰਸਥਾਵਾਂ ਉੱਤੇ ਹੀ ਸਵਾਲ ਚੁੱਕੇ ਜਾਣ।ਅੱਜ ਜੇ ਉਹ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਜਾਣ ਤਾਂ ਕੀ ਹੋਵੇਗਾ?ਕੀ ਉਨ੍ਹਾਂ ਦੀ ਮੁੱਖ ਮੰਤਰੀ ਵਾਲੀ ਕੁਰਸੀ ਖੋਹ ਲਈ ਜਾਵੇਗੀ?ਕੀ ਉਨ੍ਹਾਂ ਦੀ ਸਿਆਸੀ ਜ਼ਿੰਦਗੀ ਖ਼ਤਮ ਹੋ ਜਾਵੇਗੀ?ਕੀ ਲੋਕ ਉਨ੍ਹਾਂ ਦਾ ਸਾਥ ਛੱਡ ਦੇਣਗੇ? ਨਹੀਂ, ਬਲਕਿ ਇਹ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਹੋਰ ਉੱਚਾ ਕਰੇਗਾ।**

ਜ਼ਿਕਰ ਪੰਜਾਬ

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਰਬ ਉੱਚ ਸੰਸਥਾ ਹੈ। ਜਦੋਂ ਵੀ ਕਿਸੇ ਹਾਕਮ ਨੇ ਇਸ ਅਥਾਰਟੀ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕੀਤੀ, ਉਹ ਭਾਵੇਂ ਕੁਝ ਸਮੇਂ ਲਈ ਸਫਲ ਦਿਖਾਈ ਦਿੱਤਾ ਹੋਵੇ, ਪਰ ਅੰਤ ਨੂੰ ਇਤਿਹਾਸ ਵਿੱਚ ਉਸ ਨੂੰ ਹਾਰਿਆ ਹੋਇਆ ਹੀ ਦਰਜ ਕੀਤਾ ਗਿਆ ਹੈ।ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇੱਕ ਅਜਿਹੇ ਖਤਰਨਾਕ ਮੋੜ ਉੱਤੇ ਖੜ੍ਹੇ ਹਨ ਜਿੱਥੇ ਉਨ੍ਹਾਂ ਨੇ ਫੈਸਲਾ ਤਾਂ ਗੁਰੂ ਦੇ ਦਰ ਤੇ ਜਾਣ ਦਾ ਕਰਨਾ ਸੀ,ਪਰ ਸੱਤਾ ਦਾ ਹੰਕਾਰ ਉਹਨਾਂ ਨੂੰ ਗੁਰੂ ਨਾਲ ਟਕਰਾਉਣ ਵਾਲੇ ਪਾਸੇ ਨੂੰ ਧੱਕ ਰਿਹਾ ਹੈ।ਜੇ ਕੋਈ ਸਿੱਖ ਗਲਤੀ ਕਰਦਾ ਹੈ ਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਜਾ ਕੇ ਅਪਣੀ ਭੁੱਲ ਬਖਸਾਉਂਦਾ ਹੈ,ਤਾਂ ਸੱਚੇ ਪਾਤਸ਼ਾਹ ਦੇ ਉਸ ਰੂਹਾਨੀ ਤਖਤ ਤੋ ਗੁਨਾਹਗਾਰ ਵੀ ਬਖਸ਼ਿਆ ਜਾਂਦਾ ਹੈ।ਸਿੱਖ ਪਰੰਪਰਾ ਵਿੱਚ ਤਨਖਾਹ ਸਜ਼ਾ ਨਹੀਂ ਬਲਕਿ ਆਤਮਿਕ ਸ਼ੁੱਧੀ ਦਾ ਸਾਧਨ ਮੰਨੀ ਜਾਂਦੀ ਹੈ।ਇਸੇ ਲਈ ਸਿੱਖ ਇਤਿਹਾਸ ਵਿੱਚ ਤਨਖਾਹ ਲੱਗਣਾ ਬੇਇੱਜ਼ਤੀ ਨਹੀਂ ਮੰਨਿਆ ਗਿਆ। ਮਹਾਨ ਤੋਂ ਮਹਾਨ ਸ਼ਖ਼ਸੀਅਤਾਂ ਨੇ ਵੀ ਪੰਥ ਅੱਗੇ ਸਿਰ ਨਿਵਾਇਆ। ਉਨ੍ਹਾਂ ਨੇ ਆਪਣੀ ਪਦਵੀ ਨਹੀਂ ਵੇਖੀ, ਆਪਣਾ ਰੁਤਬਾ ਨਹੀਂ ਵੇਖਿਆ ਅਤੇ ਨਾ ਹੀ ਆਪਣੀ ਸਿਆਸੀ ਤਾਕਤ ਨੂੰ ਢਾਲ ਬਣਾਇਆ। ਉਨ੍ਹਾਂ ਨੇ ਪੰਥ ਦੀ ਮਰਯਾਦਾ ਅੱਗੇ ਸਮਰਪਣ ਕੀਤਾ ਹੈ।ਪਰ ਅੱਜ ਜੋ ਕੁਝ ਹੋ ਰਿਹਾ ਹੈ, ਉਹ ਚਿੰਤਾਜਨਕ ਹੈ। ਸਭ ਤੋ ਚਿੰਤਾਜਨਕ ਇਹ ਹੈ ਕਿ ਸੱਤਾ ਦੇ ਹੰਕਾਰ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਕਿਰਦਾਰਕੁਸ਼ੀ ਦਾ ਰਾਹ ਅਖਤਿਆਰ ਕਰ ਲਿਆ ਗਿਆ ਹੈ। ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਬਹਿਸ ਦਾ ਵਿਸ਼ਾ ਬਣਾਇਆ ਜਾਂਦਾ ਹੈ ਅਤੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਿਵੇਂ ਪੰਥਕ ਸੰਸਥਾਵਾਂ ਹੀ ਕਟਹਿਰੇ ਵਿੱਚ ਖੜ੍ਹੀਆਂ ਹੋਣ।ਇਹ ਰੁਝਾਨ ਕਿਸੇ ਇੱਕ ਵਿਅਕਤੀ ਲਈ ਨਹੀਂ, ਪੂਰੀ ਕੌਮ ਲਈ ਖ਼ਤਰਨਾਕ ਹੈ।ਜੇ ਕੱਲ੍ਹ ਨੂੰ ਹਰ ਸਿਆਸਤਦਾਨ ਇਹ ਕਹਿਣ ਲੱਗ ਪਏ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਆਪਣੀ ਸਿਆਸੀ ਸਹੂਲਤ ਮੁਤਾਬਕ ਮੰਨੇਗਾ ਜਾਂ ਰੱਦ ਕਰੇਗਾ, ਫਿਰ ਸੰਸਥਾ ਦੀ ਸਰਬਉੱਚਤਾ ਦੇ ਕੀ ਅਰਥ ਰਹਿ ਜਾਣਗੇ ? ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਹ ਤਰਕ ਦਿੰਦੇ ਹਨ ਕਿ ਜਥੇਦਾਰ ਸਾਹਿਬ ਪੰਥ ਪਰਵਾਨਿਤ ਨਹੀ ਹਨ। ਭਗਵੰਤ ਸਿੰਘ ਮਾਨ ਨੂੰ ਬਤੌਰ ਪੰਜਾਬ ਦੇ ਮੁੱਖ ਮੰਤਰੀ ਜਿਹੜੇ ਲੋਕ ਪਸੰਦ ਨਹੀ ਕਰਦੇ,ਕੀ ਉਹ ਸੂਬਾ ਸਰਕਾਰ ਦੇ ਹੁਕਮਾਂ ਨੂੰ ਮੰਨਣ ਤੋ ਇਨਕਾਰੀ ਹੋ ਸਕਦੇ ਹਨ ? ਜੇਕਰ ਭਾਰਤ ਦੇ ਪਰਧਾਨ ਮੰਤਰੀ ਸ੍ਰੀ ਨਿਰੇਂਦਰ ਮੋਦੀ ਨੂੰ ਜਾਂ ਉਹਨਾਂ ਦੀ ਪਾਰਟੀ ਦੀ ਸਰਕਾਰ ਨੂੰ ਦੇਸ ਦਾ ਵੱਡਾ ਹਿੱਸਾ ਪਸੰਦ ਨਹੀ ਵੀ ਕਰਦਾ,ਤਾਂ ਕੀ ਉਹਨਾਂ ਲੋਕਾਂ ਤੇ ਸਰਕਾਰ ਦੇ ਹੁਕਮ ਜਾਂ ਕਨੂੰਨ ਲਾਗੂ ਨਹੀ ਹੋਣਗੇ ? ਸੋ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉੱਚਤਾ ਤਾਂ ਦੁਨਿਆਵੀ ਸੱਤਾ ਅਤੇ ਸੱਤਾ ਦੇ ਕਨੂੰਨ ਤੋ ਕਿਤੇ ਉਪਰ ਹੈ।ਇਹ ਕੋਈ ਤਰਕ ਸੰਗਤ ਨਹੀ ਕਿ ਉਸ ਸੰਸਥਾਂ ਤੇ ਸੇਵਾ ਕੌਣ ਨਿਭਾਅ ਰਿਹਾ ਹੈ,ਬਲਕਿ ਉਸ ਤਖਤ ਦੀ ਮਹਾਨਤਾ ਇਹ ਹੈ ਕਿ ਉਸ ਇਲਾਹੀ ਤਖਤ ਦੀ ਸਥਾਪਨਾ ਸਿੱਖਾਂ ਦੇ ਛੇਵੇਂ ਗੁਰੂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਖੁਦ ਕੀਤੀ,ਤਾਂ ਕਿ ਸਿੱਖਾਂ ਨੂੰ ਇਹ ਅਹਿਸਾਸ ਹਮੇਸਾ ਰਹੇ ਕਿ ਉਹ ਭਾਵੇਂ ਕਿੰਨੇ ਵੀ ਤਾਕਤਵਰ ਹੋ ਜਾਣ ਪਰ ਉਹਨਾਂ ਦੀ ਰਾਜਨੀਤੀ ਤੇ ਧਰਮ ਦਾ ਕੁੰਡਾ ਬਣਿਆ ਰਹੇਗਾ,ਉਹ ਭਾਂਵੇਂ



ਖਾਲਸਾ ਰਾਜ ਦਾ ਮਹਾਨ ਬਾਦਸ਼ਾਹ ਸੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਹੋਵੇ,ਵੀਹਵੀ ਸਦੀ ਦੇ ਭਾਰਤ ਦਾ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਹੋਵੇ,ਉਸ ਮੌਕੇ ਦਾ ਗ੍ਰਿਹ ਮੰਤਰੀ ਬੂਟਾ ਸਿੰਘ ਹੋਵੇ,ਪੰਜਾਬ ਦਾ ਮੁੱਖ ਮੰਤਰੀ ਰਹਿ ਚੁੱਕਿਆ ਸੁਰਜੀਤ ਸਿੰਘ ਬਰਨਾਲਾ ਹੋਵੇ,ਜਾਂ 96 ਕਰੋੜੀ ਪੰਥ ਅਕਾਲੀ ਬੁੱਢਾ ਦਲ ਦਾ ਮੁਖੀ ਬਾਬਾ ਸੰਤਾ ਸਿੰਘ ਹੋਵੇ,ਉਪਰੋਕਤ ਸਭਨਾਂ ਸਖਸੀਅਤਾਂ ਨੇ ਇਸ ਤਖਤ ਦੀ ਫਸੀਲ ਤੇ ਆਕੇ ਭੁੱਲਾਂ ਬਖਸ਼ਾਈਆਂ ਹਨ।ਅਜੇ ਕੱਲ੍ਹ ਦੀਆਂ ਗੱਲਾਂ ਹਨ ਜਦੋ ਸਾਬਕਾ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਨੇ ਆਪਣੀ ਸਰਕਾਰ ਸਮੇ ਦੀ ਸਾਰੀ ਕੈਬਨਿਟ ਦੇ ਨਾਲ ਆਪਣੇ ਗੁਨਾਹਾਂ ਨੂੰ ਕਬੂਲ ਕਰਕੇ ਸਜਾ ਲਗਵਾਈ ਸੀ।ਭਾਂਵੇ ਸੁਖਬੀਰ ਬਾਦਲ ਵੀ ਬਾਅਦ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਨੂੰ ਮੰਨਣ ਤੋ ਆਹਨਾ ਕਾਹਨੀ ਕਰਨ ਲੱਗ ਪਏ ਜਿਸ ਦੇ ਨਤੀਜੇ ਵਜੋ ਉਹਨਾਂ ਨੂੰ ਪੰਥ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਆਲੇ-ਦੁਆਲੇ ਬੈਠੇ ਚਾਪਲੂਸ ਲੋਕ ਉਨ੍ਹਾਂ ਨੂੰ ਇਹ ਕਿਉਂ ਨਹੀਂ ਦੱਸਦੇ ਕਿ ਗੁਰੂ ਦੇ ਦਰ ਤੇ ਜਾਣ ਨਾਲ ਕੋਈ ਛੋਟਾ ਨਹੀਂ ਹੋ ਜਾਂਦਾ। ਪੰਜਾਬ ਦਾ ਮੁੱਖ ਮੰਤਰੀ ਹੋਣਾ ਅਸਥਾਈ ਗੱਲ ਹੈ ਪਰ ਇੱਕ ਸਿੱਖ ਹੋਣਾ ਸਦੀਵੀ ਪਛਾਣ ਹੈ। ਸਿਆਸੀ ਜਿੱਤ ਨਾਲੋਂ ਆਤਮਿਕ ਨਿਮਰਤਾ ਵੱਡੀ ਹੁੰਦੀ ਹੈ। ਦਰਅਸਲ ਸੱਤਾ ਦੇ ਆਲੇ-ਦੁਆਲੇ ਅਕਸਰ ਅਜਿਹੇ ਲੋਕ ਇਕੱਠੇ ਹੋ ਜਾਂਦੇ ਹਨ ਜੋ ਸੱਚ ਬੋਲਣ ਦੀ ਥਾਂ ਉਹੀ ਗੱਲ ਕਰਦੇ ਹਨ ਜੋ ਹਾਕਮ ਸੁਣਨਾ ਚਾਹੁੰਦਾ ਹੈ। ਇਹ ਲੋਕ ਹਰੇਕ ਗਲਤੀ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਜਾਇਜ ਆਲੋਚਨਾ ਨੂੰ ਸਾਜ਼ਿਸ਼ ਦੱਸਦੇ ਹਨ।ਇਹੀ ਕਾਰਨ ਹੈ ਕਿ ਗਲਤੀ ਛੋਟੀ ਹੋਵੇ ਤਾਂ ਵੀ ਵੱਡੀ ਬਣ ਜਾਂਦੀ ਹੈ। ਇੱਕ ਸਮਾਂ ਸੀ ਜਦੋਂ ਦਿੱਲੀ ਦੀ ਸੱਤਾ ਨੂੰ ਲੱਗਦਾ ਸੀ ਕਿ ਉਹ ਸਭ ਕੁਝ ਕਰ ਸਕਦੀ ਹੈ। ਇੱਕ ਸਮਾਂ ਸੀ ਜਦੋਂ ਐਮਰਜੈਂਸੀ ਲਗਾਉਣ ਵਾਲਿਆਂ ਨੂੰ ਲੱਗਦਾ ਸੀ ਕਿ ਕੋਈ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਇੱਕ ਸਮਾਂ ਉਹ ਵੀ ਸੀ ਜਦੋਂ 1984 ਦੇ ਹਮਲੇ ਦੇ ਯੋਜਨਾਕਾਰਾਂ ਨੂੰ ਲੱਗਦਾ ਸੀ ਕਿ ਅਕਾਲ ਤਖ਼ਤ ਸਾਹਿਬ ਨੂੰ ਢਾਹ ਕੇ ਸਿੱਖ ਕੌਮ ਦੀ ਰੂਹ ਤੋੜੀ ਜਾ ਸਕਦੀ ਹੈ।ਪਰ ਸਮਾਂ ਅਤੇ ਸੱਤਾਵਾਂ ਬਦਲ ਗਈਆਂ। ਹਾਕਮ ਬਦਲ ਗਏ ਜਾਂ ਆਪਣੇ ਗੁਨਾਹਾਂ ਦੀ ਸਜਾ ਭੁਗਤ ਕੇ ਨਰਕਾਂ ਦੇ ਭਾਗੀ ਬਣ ਗਏ,ਪਰ ਸ੍ਰੀ ਅਕਾਲ ਤਖ਼ਤ ਸਾਹਿਬ ਅੱਜ ਵੀ ਸਰਬ ਉੱਚ ਹੈ,ਉਥੋਂ ਦਾ ਸਿਧਾਂਤ ਸਰਬ ਉੱਚ ਹੈ। ਇਸ ਲਈ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਟਕਰਾਅ ਦਾ ਇਹ ਰਾਹ ਕਿਸੇ ਦੇ ਹੱਕ ਵਿੱਚ ਨਹੀਂ ਜਾਂਦਾ। ਭਗਵੰਤ ਮਾਨ ਲਈ ਵੀ ਨਹੀਂ। ਪੰਜਾਬ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਉਨ੍ਹਾਂ ਨੂੰ ਲੋਕਾਂ ਨੂੰ ਜੋੜਨ ਵਾਲਾ ਸੁਨੇਹਾ ਦੇਣਾ ਚਾਹੀਦਾ ਹੈ, ਨਾ ਕਿ ਅਜਿਹਾ ਮਾਹੌਲ ਬਣਨ ਦੇਣਾ ਚਾਹੀਦਾ ਹੈ ਜਿਸ ਨਾਲ ਸਿੱਖ ਸੰਸਥਾਵਾਂ ਉੱਤੇ ਹੀ ਸਵਾਲ ਚੁੱਕੇ ਜਾਣ।ਅੱਜ ਜੇ ਉਹ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਜਾਣ ਤਾਂ ਕੀ ਹੋਵੇਗਾ?ਕੀ ਉਨ੍ਹਾਂ ਦੀ ਮੁੱਖ ਮੰਤਰੀ ਵਾਲੀ ਕੁਰਸੀ ਖੋਹ ਲਈ ਜਾਵੇਗੀ?ਕੀ ਉਨ੍ਹਾਂ ਦੀ ਸਿਆਸੀ ਜ਼ਿੰਦਗੀ ਖ਼ਤਮ ਹੋ ਜਾਵੇਗੀ?ਕੀ ਲੋਕ ਉਨ੍ਹਾਂ ਦਾ ਸਾਥ ਛੱਡ ਦੇਣਗੇ? ਨਹੀਂ, ਬਲਕਿ ਇਹ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਹੋਰ ਉੱਚਾ ਕਰੇਗਾ। ਪਰ ਜੇ ਹੰਕਾਰ ਦੇ ਰਾਹ ਉੱਤੇ ਚੱਲਦੇ ਰਹੇ ਤਾਂ ਵਿਵਾਦ ਹੋਰ ਵਧੇਗਾ, ਸਵਾਲ ਹੋਰ ਖੜ੍ਹੇ ਹੋਣਗੇ ਅਤੇ ਇਤਿਹਾਸ ਦੇ ਸਫ਼?ਆਂ ਵਿੱਚ ਇੱਕ ਅਜਿਹਾ ਅਧਿਆਇ ਜੁੜੇਗਾ ਜਿਹੜਾ ਉਹਨਾਂ ਦੀਆਂ ਆਉਣ ਵਾਲੀਆਂ ਪੀਹੜੀਆਂ ਨੂੰ ਸ਼ਰਮਸ਼ਾਰ ਕਰਦਾ ਰਹੇਗਾ। ਸਿੱਖੀ ਦਾ ਰਾਹ ਟਕਰਾਅ ਦਾ ਨਹੀਂ, ਤਿਆਗ ਦਾ ਹੈ, ਨਿਮਰਤਾ ਦਾ ਹੈ। ਇਸ ਲਈ ਗਲਤੀ ਤੇ ਪਰਦੇ ਪਾਉਣ ਦੀ ਬਜਾਏ ਭੁੱਲ ਬਖਸ਼ਾਉਣ ਵਿੱਚ ਹੀ ਭਲਾਈ ਹੈ।ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੰਥ ਦੋਖੀ ਕਰਾਰ ਦੇਣ ਵਾਲੇ ਗੁਰਮਤੇ ਦੇ ਸਾਹਮਣੇ ਉਹਨਾਂ ਵੱਲੋਂ ਪਿੰਡਾਂ ਦੀਆਂ ਸੱਥਾਂ ਵਿੱਚ ਮੰਜਿਆਂ ਤੇ ਬੈਠਕੇ ਕੀਤੇ ਜਾਣ ਵਾਲੇ ਸਮਾਗਮ ਟਿਕ ਨਹੀ ਸਕਣਗੇ। ਸ੍ਰੀ ਅਕਾਲ ਤਖਤ ਸਾਹਿਬ ਨਾਲ ਟਕਰਾਓ ਭਗਵੰਤ ਸਿੰਘ ਮਾਨ ਦੇ ਸਿਆਸੀ ਪਤਨ ਦਾ ਕਾਰਨ ਵੀ ਬਣ ਸਕਦਾ ਹੈ। ਜੇ ਕਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ੍ਰੀ ਅਕਾਲ ਤਖਤ ਸਾਹਿਬ ਨਾਲ ਟਕਰਾਓ ਦਾ ਰਾਹ ਛੱਡ ਕੇ ਆਪਣੇ ਗੁਨਾਹਾਂ ਦੀ ਭੁੱਲ ਬਖਸ਼ਾ ਲੈਣ ਤਾਂ ਉਹ ਸਰਬ ਉੱਚ ਸੰਸਥਾ ਦੇ ਵਕਾਰ ਨੂੰ ਢਾਹ ਲਾਉਣ ਦੇ ਗੁਨਾਹਗਾਰ ਬਨਣ ਤੋ ਵੀ ਬਚ ਸਕਣਗੇ।



ਬਘੇਲ ਸਿੰਘ ਧਾਲੀਵਾਲ

ਮੋਬਾ. : 99142-58142

# ਉਹ ਗਲੀ ਕਿਹੜੀ ਜਿੱਥੇ ਭਾਗੋ ਨਹੀਂ ਖੜ੍ਹੀ

ਜ਼ਿਕਰ ਪੰਜਾਬ

ਪੁਰਾਤਨ ਸਮੇਂ ਦੇ ਵਿੱਚ, ਪਿੰਡ ਪੱਧਰ ਦੀ ਰਾਜਨੀਤੀ ਦੇ ਵਿੱਚ, ਪੰਚਾਂ ਸਰਪੰਚਾਂ, ਨੰਬਰਦਾਰ, ਮੋਹਤਵਰ ਬੰਦਿਆਂ ਦਾ ਬਹੁਤ ਰੋਹਬ ਅਤੇ ਦਾਅਬ ਹੁੰਦਾ ਸੀ।ਮਜਾਲ ਐ ਕਿਸੇ ਦੀ, ਕਿ ਉਹ ਪੰਚਾਇਤ ਦੇ ਫੈਸਲੇ ਨੂੰ ਥੱਲ ਦੇਵੇ, ਪੰਚਾਂ ਸਰਪੰਚਾਂ ਦਾ ਕਿਹਾ ਹਰ ਵਿਅਕਤੀ ਸਿਰ ਮੱਥੇ ਮੰਨਦਾ। ਸਥਾਨਕ ਪੱਧਰ ਦੀ ਰਾਜਨੀਤੀ 'ਚੋਂ ਵੱਡੇ ਵੱਡੇ ਨੇਤਾ ਪੈਦਾ ਹੋਏ, ਕਿਉਂਕਿ ਰਾਜਨੀਤੀ ਦੀ ਪਹਿਲੀ ਪੌੜੀ ਹੀ ਸਰਪੰਚੀ ਤੋਂ ਸ਼ੁਰੂ ਹੁੰਦੀ ਸੀ। ਸਰਪੰਚ ਨੂੰ ਪਿੰਡ ਪੱਧਰ ਦਾ ਮੁੱਖ ਮੰਤਰੀ ਸਮਝਿਆ ਜਾਂਦਾ, ਸਾਡੇ ਦੋ ਘਾਗ ਸਿਆਸਤਦਾਨ ਮੁੱਖ ਮੰਤਰੀਆਂ ਨੇਂ ਆਪਣੀ ਰਾਜਨੀਤੀ ਪਿੰਡ ਦੀ ਸਰਪੰਚੀ ਤੋਂ ਸ਼ੁਰੂ ਕੀਤੀ। ਸਰਪੰਚੀ ਦਾ ਅਹੁਦਾ ਬਹੁਤ ਹੀ ਮਾਣ ਵਾਲਾ ਹੁੰਦਾ ਸੀ। ਲੋਕਤੰਤਰ ਦੀ ਮੁੱਢਲੀ ਇਕਾਈ ਪੰਚਾਇਤ ਨੂੰ ਮੰਨਿਆ ਜਾਂਦਾ। ਪੰਚਾਇਤ ਦਾ ਮੁਖੀ ਸਰਪੰਚ ਹੁੰਦਾ ਸੀ। ਲੋਕਾਂ ਦੇ ਲਈ ਇੱਕੋ ਇੱਕ ਲੋਕਤੰਤਰ ਦੇ ਵਿੱਚ ਸਰਪੰਚ ਦਾ ਅਹੁਦਾ ਸੀ, ਜਿਸ ਦੀ ਚੋਣ ਲੋਕ ਆਪਣੀ ਵੋਟ ਰਾਹੀਂ ਕਰਦੇ ਸਨ। ਪਿਛਲੇ ਸਮੇਂ ਆਪਣੀਆਂ ਰਾਜਨੀਤਿਕ ਰੋਟੀਆਂ ਸੇਕਣ ਦੇ ਲਈ,ਸਰਕਾਰ ਨੇ ਇਸ ਅਹੁਦੇ ਦਾ ਸਿਆਸੀਕਰਨ ਕਰਦਿਆਂ,ਸਰਪੰਚ ਦੀ ਚੋਣ ਮੈਂਬਰਾਂ ਰਾਹੀਂ ਕਰ ਦਿੱਤੀ ਸੀ। ਚੰਗਾ ਹੋਇਆ ਸਿਆਸੀ ਲੋਕਾਂ ਨੇ ਸਹੀ ਫੈਸਲਾ ਲਿਆ ਕਿ ਦੁਬਾਰਾ ਪੁਨਰ ਵਿਚਾਰ ਕਰਕੇ, ਸਰਪੰਚੀ ਦੀ ਚੋਣ ਦੁਆਰਾ ਪੁਰਾਣੇ ਢੰਗ ਨਾਲ, ਭਾਵ ਸਿੱਧੀ ਵੋਟਰਾਂ ਰਾਹੀਂ ਹੀ ਕਰ ਦਿੱਤੀ ਹੈ। ਪਰ ਵਰਤਮਾਨ ਸਮੇਂ ਪੰਜਾਬੀ ਦੇ ਅਖਾਣ ਅਨੁਸਾਰ ਹਰ ਗਲੀ, ਹਰ ਮੁਹੱਲੇ ਤੁਹਾਨੂੰ ਭਾਗੋ ਖੜੀ ਮਿਲੇਗੀ। ਘਰ ਘਰ ਦੇ ਵਿੱਚ ਨੇਤਾ ਪੈਦਾ ਹੋ ਗਏ, ਕਦੇ ਸਮਾਂ ਸੀ ਕਿ ਪਿੰਡ ਦਾ ਇੱਕ ਮੁਖੀ ਹੀ, ਪੂਰੇ ਪਿੰਡ ਦੀ ਜਿੰਮੇਵਾਰੀ ਲੈ ਲੈਂਦਾ ਸੀ। ਸਮੇਂ ਨਾਲ ਪਿੰਡ ਦੋ ਧੜਿਆਂ ਵਿੱਚ ਵੰਡਿਆ ਗਿਆ, ਰਾਜਨੀਤੀ ਪਿੰਡਾਂ ਵਿੱਚ ਅਜਿਹੀ ਵੜੀ ਕਿ ਦੋ ਧੜਿਆਂ ਤੋਂ ਪਿੰਡ ਅਣਗਿਣਤ ਧੜਿਆਂ ਵਿੱਚ ਵੰਡੇ ਗਏ। ਜਿੰਨੇ ਧੜੇ, ਉਨੇ ਹੀ ਲੀਡਰ ਬਣ ਗਏ। ਦੇਸੀ ਭਾਸ਼ਾ ਦੇ ਵਿੱਚ ਇਹਨਾਂ ਨੂੰ ਲਾਣੇਦਾਰ ਸ਼ਬਦ ਵਰਤਿਆ ਜਾਂਦਾ ਸੀ। ਕਿਉਂਕਿ ਇੱਕ ਪੂਰੇ ਲਾਣੇ ਦਾ, ਲਾਣੇਦਾਰ ਹੁੰਦਾ, ਜਿਵੇਂ ਥਾਣੇ ਦੇ ਮੁਖੀ ਨੂੰ ਥਾਣੇਦਾਰ ਕਹਿੰਦੇ ਹਨ। ਪੂਰਾ ਲਾਣਾ ਇੱਕ ਸੁਰ ਦੇ ਵਿੱਚ ਰਹਿੰਦਾ, ਲਾਣੇਦਾਰ ਨੇ ਜਿਹੜਾ ਵੀ ਫੈਸਲਾ ਲੈ ਲਿਆ, ਸਾਰੇ ਉਸ ਤੇ ਫੁੱਲ ਚੜਾਉਂਦੇ ਸਨ। ਲਾਣੇਦਾਰ ਦੇ ਪਿੱਛੇ ਹੀ, ਪੂਰੇ ਲਾਣੇ ਦੀਆਂ ਵੋਟਾਂ ਪੈਂਦੀਆਂ, ਪਰ ਰਾਜਨੀਤੀ, ਖੱਖੜੀਆਂ ਕਰੇਲੇ ਕਰ ਦਿੰਦੀ ਹੈ, ਲਾਣੇ ਦੇ ਮੈਂਬਰਾਂ ਨੇ, ਲਾਣੇਦਾਰ ਪਾਸੇ ਕਰ ਦਿੱਤੇ, ਹਰ ਘਰ ਦਾ ਮੁਖੀ ਆਪਣੀ ਚੌਧਰ ਚਲਾਉਣ ਲੱਗਿਆ। ਘਰ ਦਾ ਮੁਖੀ, ਆਪਣੇ ਘਰ ਦੀ ਪੂਰੀ ਜਿੰਮੇਵਾਰੀ ਲੈਂਦਾ, ਸਾਰੇ ਮੈਂਬਰ ਉਸ ਦਾ ਕਿਹਾ ਮੰਨਦੇ ਸਨ। ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨੇ ਘਰ ਦੇ ਮੁਖੀਆਂ ਨਾਲ ਸੰਪਰਕ ਬਣਾਉਣੇ ਸ਼ੁਰੂ ਕੀਤੇ। ਜਿੱਥੇ ਵੀ ਘਰ ਦਾ ਮੁਖੀ ਵਾਅਦਾ ਕਰਦਾ, ਪੂਰੇ ਘਰ ਦੇ ਮੈਂਬਰ, ਉਸ ਪਾਰਟੀ ਨੂੰ ਹੀ ਵੋਟਾਂ ਪਾਉਂਦੇ ਸਨ। ਪਰ ਸਮਾਂ ਬਦਲਿਆ, ਘਰਾਂ ਦੇ ਵਿੱਚ ਪਾਟਕ ਪੈਣੇ ਸ਼ੁਰੂ ਹੋਏ, ਲੋਕਤੰਤਰ ਦੀ ਭਾਵਨਾ ਅਨੁਸਾਰ, ਵੋਟ ਪਾਉਣਾ ਹਰ ਇੱਕ ਦਾ ਆਪਣਾ ਅਧਿਕਾਰ ਹੈ। ਹਰ ਵੋਟਰ ਆਪਣੀ ਰਾਜਨੀਤਿਕ ਸੂਝ ਬੂਝ ਦੇ ਨਾਲ, ਆਪਣੇ ਮੱਤ ਅਧਿਕਾਰ ਦੀ ਵਰਤੋਂ ਕਰੇ। ਪਰ ਇਹ ਗੱਲ ਤਾਂ ਕੋਹਾਂ ਦੂਰ ਹੈ। ਸਾਰੇ ਮੈਂਬਰ, ਇੱਕ ਦੂਜੇ ਦੇ ਵਿਰੋਧ ਦੇ ਵਿੱਚ ਹੀ ਵੋਟਾਂ ਪਾਉਂਦੇ ਹਨ। ਸਾਡੇ ਦੇਸ਼ ਵਿੱਚ ਲੋਕਤੰਤਰ ਹੈ, ਪਰ ਸਾਡੇ ਵਿੱਚੋਂ ਲੋਕਤੰਤਰੀ ਭਾਵਨਾ ਖਤਮ ਹੋ ਗਈ ਹੈ। ਜਿਸ ਦੇ ਨਤੀਜੇ ਸਾਡੇ ਸਾਹਮਣੇ ਹਨ।ਰਾਜਨੀਤਿਕ ਪਾਰਟੀਆਂ ਨੂੰ ਸਮਝ ਨਾ ਆਵੇ, ਕਿ ਹੁਣ ਇਕੱਲੇ ਇਕੱਲੇ ਵੋਟਰ ਨਾਲ, ਕਿਵੇਂ ਸੰਪਰਕ ਸਾਧਿਆ ਜਾਵੇ, ਰਾਜਨੀਤਿਕ ਲੋਕਾਂ ਦੀਆਂ ਆਪਣੀਆਂ ਕਲਾ ਬਾਜੀਆਂ ਹਨ। ਔਰਤਾਂ ਨੂੰ ਕੋਲਡ ਡਰਿੰਕ ਦੀਆਂ ਬੋਤਲਾਂ, ਬੰਦਿਆਂ ਨੂੰ ਸ਼ਕਤੀ ਵਾਟਰ, ਵੰਡਣ ਦੀਆਂ ਸਕੀਮਾਂ ਤਿਆਰ ਹੋਈਆਂ, ਪਾਰਟੀਆਂ ਦੇ ਖਰਚੇ ਵੱਧ ਗਏ, ਨੇਤਾਵਾਂ ਦਾ ਸਤਿਕਾਰ ਘਟ ਗਿਆ । ਰਾਜਨੀਤੀ ਇੱਕ ਧੰਦਾ ਬਣ ਗਈ, ਨੇਤਾ ਲੋਕ ਸੇਵਾ ਬਦਲੇ ਮੇਵਾ ਖਾਣ ਲੱਗ ਪਏ। ਗੀਤ ਵੀ ਅਜਿਹੇ ਆ ਗਏ ਕਿ ÷ਸਣੇ ਸਰਪੰਚ ਸਾਰਾ ਪਿੰਡ ਕੁੱਟ ਦਿਓ, ਪਿੰਡ ਦੇ ਮੁਖੀ ਦੇ ਸਤਿਕਾਰਤ ਅਹੁਦੇ ਦਾ, ਕੀ ਸਤਿਕਾਰ ਰਹਿ ਗਿਆ। ਲੋਕੀ ਨੈਤਿਕ ਕਦਰਾਂ ਕੀਮਤਾਂ ਵਾਲਾ ਜੀਵਨ ਭੁੱਲ ਹੀ ਗਏ। ਘਰ ਘਰ ਦੇ ਵਿੱਚ ਲੀਡਰ ਪੈਦਾ ਹੋ ਗਏ ਹਨ।ਪੁਰਾਣੇ ਸਮਿਆਂ ਦੇ ਵਿੱਚ ਪਿੰਡਾਂ ਦੇ ਵਿੱਚ ਆਮ ਧਾਰਨਾ ਹੁੰਦੀ, ਕਿ ਪੰਚਾਇਤ ਦੇ ਵਿੱਚ ਪਰਮੇਸ਼ਰ ਵਸਦਾ ਹੈ। ਜੇਕਰ ਪੰਚਾਇਤ ਦਾ ਕਿਹਾ ਮੋੜਿਆ, ਤਾਂ ਪਰਮਾਤਮਾ ਰੁਸ ਜਾਵੇਗਾ। ਮੋਹਤਵਰ ਬੰਦਿਆਂ ਦਾ ਪੂਰਾ ਸਤਿਕਾਰ ਹੁੰਦਾ ਸੀ। ਜਿਆਦਾ ਪਿੰਡਾਂ ਦੇ ਵਿੱਚ ਸਰਪੰਚਾਂ ਅਤੇ ਪੰਚਾ ਦੀ ਚੋਣ ਸਰਬ ਸੰਮਤੀ ਨਾਲ ਹੀ ਹੋ ਜਾਂਦੀ ਸੀ। ਕਦੇ ਸੋਚਿਆ ਨਹੀਂ ਸੀ ਕਿ ਸਰਬ ਸੰਮਤੀ ਕਰਵਾਉਣ ਦੇ ਲਈ ਸਰਕਾਰਾਂ ਨੂੰ ਗਰਾਂਟਾਂ ਦਾ ਲਾਲਚ ਦੇਣਾ ਪਵੇਗਾ। ਪਰ ਅੱਜ ਲਾਲਚ ਦੇ ਬਾਵਜੂਦ ਵੀ, ਕਿਸੇ ਭਲੇ ਪਿੰਡ ਵਿੱਚ ਹੀ ਸਰਬ ਸੰਮਤੀ ਹੁੰਦੀ ਹੈ। ਲੋਕੀ ਕਹਿੰਦੇ ਕਿ ਜੇਕਰ ਸਰਬ ਸੰਮਤੀ ਹੋ ਗਈ, ਵੋਟਾਂ ਵਾਲਾ ਮੌਜ ਮੇਲਾ ਮਹੀਨਾ ਕਿੱਥੇ ਵੇਖਾਂਗੇ। ਚੰਗੇ ਬੰਦੇ ਅਜਿਹਾ ਮਾਹੌਲ ਦੇਖ ਕੇ ਰਾਜਨੀਤੀ ਤੋਂ ਕਿਨਾਰਾ ਕਰਨ ਲੱਗੇ ਹਨ।ਚੰਗਾ ਬੰਦਾ ਸੋਚਦਾ ਹੈ, ਕਿ ਚੋਣਾਂ ਖਰਚੀਲੀਆਂ ਹੋ ਗਈਆਂ, ਨੈਤਿਕ ਕਦਰਾਂ ਕੀਮਤਾਂ ਕਿਸੇ ਕੋਲ ਰਹੀਆਂ ਨਹੀਂ, ਅਹੁਦਿਆਂ ਦਾ ਸਤਿਕਾਰ ਨਹੀਂ, ਰਾਜਨੀਤੀ ਵਪਾਰ ਬਣ ਗਈ ਹੈ। ਪਹਿਲਾਂ ਪੈਸਾ ਤੁਹਾਨੂੰ ਲਾਉਣਾ ਪਵੇਗਾ, ਬਾਅਦ ਦੇ ਵਿੱਚ ਲੋਕੀ ਕਮਾਉਣ ਦੀ ਸੋਚਣ ਲੱਗੇ ਹਨ। ਇਥੋਂ ਤੱਕ ਕਿ ਪੰਜਾਬ ਦੇ ਮਰਹੂਮ ਲੋਕ ਗਾਇਕ ਰਾਜ ਬਰਾੜ ਨੇ, ਪੇਂਡੂ ਰਾਜਨੀਤੀ ਦੇ ਮਾਹੌਲ ਦੀ ਸਮੀਖਿਆ ਕਰਦਿਆਂ, ਗੀਤ ਹੀ ਗਾ ਦਿੱਤਾ ਸੀ, ਲੈ ਲੈ ਤੂੰ ਸਰਪੰਚੀ, ਸਰਕਾਰੀ ਪੈਸਾ ਖਾਵਾਂਗੇ। ਕਦੇ ਸਮਾਂ ਸੀ, ਪਿੰਡਾਂ ਦੇ ਸਤਯੁਗੀ ਲੋਕ, ਅਜਿਹੇ ਸਾਂਝੇ ਪੈਸੇ ਨੂੰ ਖਾਣਾ ਜਹਿਰ ਬਰਾਬਰ ਮੰਨਦੇ ਸਨ। ਲੋਕੀ ਸੋਚਦੇ,ਸਾਂਝਾ ਪੈਸਾ ਘਰ ਨਹੀਂ ਵਾੜਨਾ, ਪਰ ਅੱਜ ਦੀ ਰਾਜਨੀਤੀ ਨੇ ਲੋਕਾਂ ਦੇ ਵਿੱਚ, ਸਿਆਸੀ ਅਹੁਦਿਆਂ ਦੀ ਭੁੱਖ ਜਗਾ ਦਿੱਤੀ ਹੈ। ਰਾਜਨੀਤੀ ਦੇ ਵਿੱਚ ਲੋਕੀ ਧਨ ਕਮਾਉਣ, ਲਈ ਆਉਣ ਲੱਗੇ ਹਨ। ਰਾਜਨੀਤੀ ਦੇ ਸਥਾਨਕ, ਰਾਜ ਅਤੇ ਰਾਸ਼ਟਰੀ ਪੱਧਰ ਤੇ, ਅਜਿਹਾ ਹੀ ਮਾਹੌਲ ਸਿਰਜਿਆ ਗਿਆ ਹੈ। ਛੋਟੇ ਤੋਂ ਲੈ ਕੇ ਵੱਡੇ ਲੀਡਰ ਤੱਕ, ਭਰਿਸ਼ਟਾਚਾਰ ਦੀ ਦਲ ਦਲ ਦੇ ਵਿੱਚ, ਖੁਬਣ ਲੱਗੇ ਹਨ। ਵੱਡੇ ਨੇਤਾਵਾਂ ਨੇ, ਛੋਟੇ ਲੀਡਰਾਂ ਦੇ ਲਈ ਇਮਾਨਦਾਰੀ ਦੀਆਂ ਉਦਾਹਰਨਾ ਪੇਸ਼ ਕਰਨੀਆਂ ਸਨ। ਪਰ ਇਹ ਤਾਂ ਸਾਰਾ ਆਵਾ ਹੀ ਊਤ ਗਿਆ ਹੈ।ਇਮਾਨਦਾਰ ਲੀਡਰ ਉਂਗਲਾਂ ਤੇ ਗਿਣੇ ਜਾਣ ਵਾਲੇ ਰਹਿ ਗਏ ਹਨ। ਜੇਕਰ ਕਿਸੇ ਤੇ ਰਿਸ਼ਵਤ ਦੇ ਦੋਸ਼ ਲੱਗੇ, ਤਾਂ ਰਾਜਨੀਤਿਕ ਲੋਕਾਂ ਨੇ, ਇਸ ਨੂੰ ਸਿਆਸੀ ਬਦਲਾਖੋਰੀ ਦਾ ਨਾਂ ਦੇ ਦਿੱਤਾ। ਅੱਜ ਸਮਾਜ ਦੇ ਵਿੱਚ, ਵੋਟਰ ਘੱਟ, ਨੇਤਾ ਜਿਆਦਾ ਨਜ਼ਰ ਆ ਰਹੇ ਹਨ। ਘਰ ਦੇ ਜਿੰਨੇ ਮੈਂਬਰ, ਸਾਰੇ ਹੀ ਨੇਤਾ ਗਨ ਬਣ ਗਏ। ਕੋਈ ਕਿਸੇ ਦੀ ਗੱਲ ਸੁਣਨ ਦੇ ਲਈ ਤਿਆਰ ਨਹੀਂ ਹੈ। ਬੁਲਾਰੇ ਜਿਆਦਾ ਹਨ, ਦਰਸ਼ਕ ਘੱਟ, ਹੁਣ ਸੁਣੇ ਕਿਹੜਾ, ਕਾਵਾਂ ਰੌਲੀ ਪੈ ਗਈ। ਨੇਤਾਵਾਂ ਦੀ ਭੀੜ ਵਧ ਗਈ, ਇੱਕ ਦੂਜੇ ਵਿੱਚ ਟੱਕਰਾਂ ਵੱਜਣੀਆਂ ਸ਼ੁਰੂ ਹੋਈਆਂ ਹਨ। ਦੱਸੋ ਕਿਸ ਤੋਂ ਸੇਧ ਲਈਏ, ਹੁਣ ਤਾਂ ਰੱਬ ਹੀ ਰਾਖਾ ਹੈ । ਪਰ ਇਹ ਵੀ ਵਿਚਾਰੇ ਬੰਦੇ ਹਨ, ਜਦੋਂ ਹਰ ਬੰਦੇ ਦੀਆਂ ਲਾਲਸਾਵਾਂ ਵੱਧ ਗਈਆਂ, ਤਾਂ ਫਿਰ ਇਹ ਤਾਂ ਨੇਤਾ ਹਨ। ਆਪਾਂ ਤੋਂ ਜ਼ਿਆਦਾ ਗਿਆਨ ਰੱਖਦੇ ਹਨ। ਇਹਨਾਂ ਨੂੰ ਕੀ ਦੋਸ਼, ਜੰਗਲ ਦੇ ਵਿੱਚ ਲੱਗੀ ਅੱਗ, ਬੁਝਾਉਣ ਵਾਲੀ ਚਿੜੀ, ਕੌਣ ਬਣੇ, ਜਦੋਂ ਲੋਕ, ਅਜਿਹੀਆਂ ਇਮਾਨਦਾਰ ਚਿੜੀਆਂ ਦੀ ਕਦਰ ਕਰਨੋ ਹਟ ਗਏ ਹਨ। ਤਾਂ ਚਿੜੀਆਂ ਨੇ ਵੀ ਆਪਣੀ ਸੋਚ ਬਦਲੀ, ਅਜਿਹੇ ਮਾਹੌਲ ਦੇ ਵਿੱਚ ਤਾਂ ਰੱਬ ਹੀ ਰਾਖਾ ਹੈ, ਜੋ ਮੰਝਧਾਰ ਦੇ ਵਿੱਚ ਡੁੱਬ ਰਹੀ ਬੇੜੀ ਨੂੰ, ਪਾਰ ਲੰਘਾਵੇ। ਸਾਡੇ ਵਰਗੇ ਕਲਯੁਗੀ ਜੀਵਾਂ ਤੋਂ ਕੋਈ ਆਸ ਨਹੀਂ। ਕਿਸੇ ਰਾਜਨੀਤਿਕ ਭੁੱਖ ਵਾਲੇ ਨੇਤਾ ਤੋਂ, ਧਰਮਰਾਜ ਨੇ ਪੁੱਛਿਆ, ਕਿ ਨੇਤਾ ਜੀ ਕਿੱਥੇ ਜਾਣਾ ਹੈ, ਨਰਕ 'ਚ ਜਾਂ ਸਵਰਗ 'ਚ, ਨੇਤਾ ਜੀ ਬੜੇ ਮਾਣ ਨਾਲ ਕਹਿਣ ਲੱਗੇ, ਧਰਮਰਾਜ ਜੀ ਪਹਿਲੀ ਕੁਰਸੀ ਚਾਹੀਦੀ ਹੈ। ਦੱਸੋ ਕਿੱਥੇ ਦੇਵੋਂਗੇ, ਨਰਕ ਸਵਰਗ ਦਾ ਕੋਈ ਫਰਕ ਨਹੀਂ। ਸਾਡੇ ਕੋਲੇ ਕਲਾ ਹੈ, ਅਸੀਂ ਸਵਰਗ ਨੂੰ ਨਰਕ ਅਤੇ ਨਰਕ ਨੂੰ ਸਵਰਗ ਬਣਾ ਸਕਦੇ ਹਾਂ। ਧਰਮਰਾਜ ਜੀ ਵੀ ਹੱਥ ਜੋੜ ਕੇ ਖੜੇ ਹੋ ਗਏ, ਕਿ ਨੇਤਾ ਜੀ, ਰਾਜਨੀਤਿਕ ਸਕਤੀ ਬਹੁਤ ਵੱਡੀ ਹੈ। ਸਾਡੇ ਤੇ ਵੀ ਠੰਡੀ ਨਿਗਾ ਰੱਖਿਓ। ਸੋ ਅੱਜ ਗਲੀ ਗਲੀ ਦੇ ਵਿੱਚ, ਪਹਿਰਾ ਦੇ ਰਹੀ ਆਂ ਇਹਨਾਂ ਭਾਗੋਆਂ ਨੂੰ ਦਿਲੋਂ ਪ੍ਰਣਾਮ। ਜਿਨ੍ਹਾਂ ਨੇ ਠੀਕਰੀ ਪਹਿਰੇ ਲਾਉਣ ਵਾਲੇ ਵਿਚਾਰੇ ਥੱਕੇ ਹਾਰੇ ਕਾਮਿਆਂ ਦੀ ਡਿਊਟੀ ਵੀ ਆਪ ਸਾਂਭ ਲਈ, ਕਿ ਤੁਸੀਂ ਆਰਾਮ ਕਰੋ, ਤੁਹਾਡਾ ਕੰਮ ਅਸੀਂ ਕਰਾਂਗੇ। ਘਰ-ਘਰ ਵਿੱਚ ਪੈਦਾ ਹੋਏ ਨੇਤਾ ਲੋਕਾਂ ਨੂੰ ਦਿਲੋਂ ਪ੍ਰਣਾਮ, ਜਿਹੜੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦੀ ਅਗਵਾਈ ਕਰ ਰਹੇ ਹਨ। ਨੇਤਾ ਗਿਰੀ ਬਹੁਤ ਔਖੀ ਹੈ, ਕੋਈ ਖਾਲਾ ਜੀ ਦਾ ਵਾੜਾ ਨਹੀਂ। ਅੰਤ ਦੇ ਵਿੱਚ ਮੇਰੇ ਜਗਸੀਰ ਜੀਂਦਾ ਦੀ ਬੋਲੀ ਯਾਦ ਆ ਗਈ...

ਮੁੰਡਾ ਸਿੱਖ ਗਿਆ ਲੀਡਰੀ ਕਰਨੀ,
ਗੰਜਿਆਂ ਨੂੰ ਵੇਚੇ ਕੰਘੀਆਂ।



ਹਰਸੰਤ ਸਿੰਘ ਢੀਂਡਸਾ

ਮੋਬਾਇਲ :-9878197000

# ਬ੍ਰੈਸਟ ਟੈਕਸ ਦਾ ਅਸਲ ਸੱਚ....!

ਜ਼ਿਕਰ ਪੰਜਾਬ

ਭਾਰਤੀ ਇਤਿਹਾਸ ਵਿੱਚ ਕਈ ਘਟਨਾਵਾਂ ਅਤੇ ਕਥਾਵਾਂ ਲੋਕ-ਕਥਾਵਾਂ ਤੋਂ ਉਪਜੀਆਂ ਹਨ, ਜਿਨ੍ਹਾਂ ਨੂੰ ਸਮੇਂ ਦੇ ਨਾਲ ਸਮਾਜ ਅਤੇ ਸੋਸ਼ਲ ਮੀਡੀਆ ਵਿੱਚ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਇੱਕ ਬਹੁਤ ਚਰਚਿਤ ਕਥਾ ਹੈ, ਤਰਵਾਨਕੋਰ ਰਾਜ ਵਿੱਚ ਲਾਗੂ ਕੀਤੇ ਗਏ ਬ੍ਰੈਸਟ ਟੈਕਸ ਜਾਂ ਮੁਲੱਕਰਮ ਦੀ। ਇਸ ਕਥਾ ਅਨੁਸਾਰ ਘੱਟ ਜਾਤੀ ਦੀਆਂ ਔਰਤਾਂ ਨੂੰ ਆਪਣੀਆਂ ਛਾਤੀਆਂ ਢੱਕਣ ਲਈ ਟੈਕਸ ਦੇਣਾ ਪੈਂਦਾ ਸੀ ਅਤੇ ਇਸ ਵਿਰੋਧ ਵਿੱਚ ਇੱਕ ਔਰਤ ਨਾਂਗੇਲੀ ਨੇ ਆਪਣੀਆਂ ਛਾਤੀਆਂ ਕੱਟ ਕੇ ਟੈਕਸ ਅਧਿਕਾਰੀਆਂ ਅੱਗੇ ਰੱਖ ਦਿੱਤੀਆਂ ਸਨ। ਇਹ ਕਥਾ ਬਹੁਤ ਭਾਵਨਾਤਮਕ ਅਤੇ ਦਰਦਨਾਕ ਹੈ, ਪਰ ਇਸਦਾ ਅਸਲ ਇਤਿਹਾਸ ਨਾਲ ਨਾ-ਮਾਤਰ ਲੈਣਾ-ਦੇਣਾ ਹੈ। ਇਹ ਇੱਕ ਆਧੁਨਿਕ ਫਿਕਸ਼ਨਲ ਭਾਵ ਕਾਲਪਨਿਕ ਰਚਨਾ ਹੈ ਜਿਸ ਨੂੰ ਲੇਖਕਾਂ ਅਤੇ ਕਲਾਕਾਰਾਂ ਨੇ ਆਪਣੀਆਂ ਰਚਨਾਵਾਂ ਦੇ ਪ੍ਰਚਾਰ ਅਤੇ ਮਸ਼ਹੂਰੀ ਲਈ ਵਰਤਿਆ। ਇਸ ਕਥਾ ਦੀ ਸ਼ੁਰੂਆਤ ਨੂੰ ਸਮਝਣ ਲਈ ਸਾਨੂੰ ਤਰਵਾਨਕੋਰ ਰਾਜ ਦੇ ਟੈਕਸ ਪ੍ਰਣਾਲੀ ਵੱਲ ਧਿਆਨ ਦੇਣਾ ਚਾਹੀਦਾ ਹੈ। ਤਰਵਾਨਕੋਰ ਵਿੱਚ ਬ੍ਰਿਟਿਸ਼ ਕਾਲ ਵਿੱਚ ਵੀ ਬਹੁਤ ਸਾਰੇ ਟੈਕਸ ਲਾਗੂ ਸਨ। ਆਮ ਲੋਕਾਂ ਤੋਂ ਲਏ ਜਾਣ ਵਾਲੇ ਟੈਕਸਾਂ ਵਿੱਚ ਟਲੱਕਰਮ (ਸਿਰ ਟੈਕਸ) ਅਤੇ ਮੁਲੱਕਰਮ ਸ਼ਾਮਲ ਸਨ। ਇਹ ਟੈਕਸ ਆਬਾਦੀ ਟੈਕਸ ਜਾਂ ਪੋਲ ਟੈਕਸ ਦੀ ਤਰ੍ਹਾਂ ਸਨ, ਜਿਨ੍ਹਾਂ ਦਾ ਛਾਤੀਆਂ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ। ਇਤਿਹਾਸਕਾਰ ਮਨੂ ਐੱਸ. ਪਿਲਾਈ ਆਪਣੀਆਂ ਰਚਨਾਵਾਂ ਵਿੱਚ ਸਪੱਸ਼ਟ ਕਰਦੇ ਹਨ ਕਿ ਮੁਲੱਕਰਮ ਸ਼ਬਦ ਦਾ ਅਰਥ ਛਾਤੀ ਟੈਕਸ ਨਹੀਂ ਬਲਕਿ ਇੱਕ ਆਮ ਟੈਕਸ ਸੀ ਜੋ ਔਰਤਾਂ ਤੋਂ ਲਿਆ ਜਾਂਦਾ ਸੀ, ਜਿਵੇਂ ਟਲੱਕਰਮ ਆਦਮੀਆਂ ਤੋਂ ਲਿਆ ਜਾਂਦਾ ਸੀ। ਇਸ ਟੈਕਸ ਨਾਲ ਛਾਤੀਆਂ ਢੱਕਣ ਦੀ ਇਜਾਜ਼ਤ ਜਾਂ ਰੋਕਣ ਦਾ ਕੋਈ ਲੈਣਾ-ਦੇਣਾ ਨਹੀਂ ਸੀ। ਕੇਰਲਾ ਦੀ ਮਾਤਾ-ਪ੍ਰਧਾਨ ਸਮਾਜ ਵਿਵਸਥਾ ਵਿੱਚ ਉੱਪਰੀ ਤਨ ਢੱਕਣਾ ਆਮ ਗੱਲ ਨਹੀਂ ਸੀ, ਇਸ ਲਈ ਇਸ ਟੈਕਸ ਨੂੰ ਛਾਤੀਆਂ ਨਾਲ ਜੋੜ ਕੇ ਪੇਸ਼ ਕਰਨਾ ਗਲਤ ਵੇਰਵਾ ਹੈ। ਇਸ ਫਿਕਸ਼ਨਲ ਭਾਵ ਕਾਲਪਨਿਕ ਕਥਾ ਨੂੰ ਪ੍ਰਚਾਰਿਤ ਕਰਨ ਵਾਲਿਆਂ ਵਿੱਚੋਂ ਇੱਕ ਮੁੱਖ ਨਾਮ ਸੀ. ਰਾਧਾਕ੍ਰਿਸ਼ਨਨ ਦਾ ਹੈ। ਉਨ੍ਹਾਂ ਨੇ 2007 ਵਿੱਚ ਅਖਬਾਰ 'ਦ ਪਾਇਨੀਅਰ' ਵਿੱਚ ਇੱਕ ਲੇਖ ਲਿਖਿਆ ਸੀ ਜਿਸ ਵਿੱਚ ਇਸ ਲੋਕ-ਕਥਾ ਨੂੰ ਡਰਾਮੈਟਿਕ ਰੂਪ ਵਿੱਚ ਪੇਸ਼ ਕੀਤਾ ਗਿਆ ਸੀ। ਬਾਅਦ ਵਿੱਚ ਉਨ੍ਹਾਂ ਨੇ ਖੁਦ ਸੋਸ਼ਲ ਮੀਡੀਆ ਅਤੇ ਇੰਟਰਵਿਊ ਵਿੱਚ ਮੰਨਿਆ ਕਿ ਇਹ ਕਥਾ ਸਥਾਨਕ ਲੋਕਧਾਰਾ ਤੋਂ ਲਈ ਗਈ ਸੀ ਅਤੇ ਉਨ੍ਹਾਂ ਨੇ ਇਸ ਨੂੰ ਆਪਣੀ ਰਚਨਾ ਦੀ ਮਸ਼ਹੂਰੀ ਲਈ ਵਧਾ-ਚੜ੍ਹਾ ਕੇ ਲਿਖਿਆ ਸੀ। ਇਸ ਵਿੱਚ ਅਸਲ ਇਤਿਹਾਸਕ ਤੱਥਾਂ ਦੀ ਘਾਟ ਸੀ ਅਤੇ ਇਹ ਸਿਰਫ ਡਰਾਮੈਟਿਕ ਅਸਰ ਲਈ ਲਿਖਿਆ ਗਿਆ ਸੀ। ਇਸ ਤੋਂ ਬਾਅਦ ਇਹ ਕਥਾ ਬੀਬੀਸੀ ਵਰਗੀਆਂ ਮੀਡੀਆ ਆਉਟਲੈਟਸ ਰਾਹੀਂ ਫੈਲੀ ਅਤੇ ਕਲਾਕਾਰ ਟੀ. ਮੁਰਲੀ ਵਰਗੇ ਲੋਕਾਂ ਨੇ ਇਸ ਤੇ ਪੇਂਟਿੰਗਾਂ ਅਤੇ ਗ੍ਰਾਫਿਕ ਨਾਵਲ ਬਣਾਏ। ਇਸ ਤਰ੍ਹਾਂ ਇੱਕ ਸਥਾਨਕ ਲੋਕਧਾਰਾ ਇਤਿਹਾਸਕ ਤੱਥ ਬਣ ਗਿਆ। ਇਸ ਥੀਮ ਤੇ ਇੱਕ ਮਹੱਤਵਪੂਰਨ ਰਚਨਾ ਪੀ. ਐੱਸ. ਮੇਨਨ ਵੱਲੋਂ ਲਿਖੀ ਗਈ ਨਾਵਲ 'ਦ ਬ੍ਰੈਸਟ ਟੈਕਸ' ਹੈ। ਇਸ ਨਾਵਲ ਵਿੱਚ ਨਾਂਗੇਲੀ ਦੀ ਕਥਾ ਨੂੰ ਭਾਵਨਾਤਮਕ ਅਤੇ ਰੋਮਾਂਟਿਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਲੇਖਕ ਨੇ ਇਸ ਨੂੰ ਇੱਕ ਨਿਮਰ ਜਾਤੀ ਦੀ ਔਰਤ ਦੀ ਬਗਾਵਤ ਵਜੋਂ ਦਿਖਾਇਆ ਹੈ ਜੋ ਉਪਰਲੀ ਜਾਤੀ ਦੇ ਲੜਕੇ ਨਾਲ ਪਿਆਰ ਵੀ ਕਰਦੀ ਹੈ। ਇਹ ਨਾਵਲ ਫਿਕਸ਼ਨ ਭਾਵ ਕਲਪਨਾ ਅਧਾਰਿਤ ਹੈ ਅਤੇ ਇਸ ਵਿੱਚ ਇਤਿਹਾਸਕ ਤੱਥਾਂ ਨੂੰ ਡਰਾਮੈਟਾਈਜ਼ ਕੀਤਾ ਗਿਆ ਹੈ ਤਾਂ ਜੋ ਪਾਠਕਾਂ ਵਿੱਚ ਭਾਵਨਾਤਮਕ ਅਪੀਲ ਪੈਦਾ ਹੋਵੇ ਅਤੇ ਬੁੱਕ ਦੀ ਵਿਕਰੀ ਵਧੇ। ਇਸ ਤਰ੍ਹਾਂ ਦੀਆਂ ਰਚਨਾਵਾਂ ਨੇ ਇਸ ਗਲਤਫਹਿਮੀ ਨੂੰ ਹੋਰ ਮਜਬੂਤ ਕੀਤਾ ਕਿ ਇਹ ਇੱਕ ਅਸਲ ਇਤਿਹਾਸਕ ਘਟਨਾ ਸੀ। ਪਰ ਇਤਿਹਾਸਕ ਰਿਕਾਰਡਾਂ ਵਿੱਚ ਨਾਂਗੇਲੀ ਨਾਮ ਦੀ ਕਿਸੇ ਔਰਤ ਦਾ ਅਜਿਹਾ ਬਗਾਵਤੀ ਐਕਸ਼ਨ ਕਿਤੇ ਵੀ ਦਰਜ ਨਹੀਂ ਹੈ। ਕੋਈ ਸਮਕਾਲੀ ਦਸਤਾਵੇਜ਼, ਰਾਜਸੀ ਰਿਪੋਰਟ ਜਾਂ ਟੈਕਸ ਰਿਜਿਸਟਰ ਇਸ ਘਟਨਾ ਦਾ ਜ਼ਿਕਰ ਨਹੀਂ ਕਰਦਾ।

ਇਸ ਕਥਾ ਨੂੰ ਪਬਲਿਸਿਟੀ ਲਈ ਵਰਤਣ ਦਾ ਮੁੱਖ ਉਦੇਸ਼ ਧਿਆਨ ਖਿੱਚਣਾ ਅਤੇ ਆਪਣੀ ਰਚਨਾ ਨੂੰ ਵਿਵਾਦਿਤ ਬਣਾ ਕੇ ਚਰਚਾ ਵਿੱਚ ਲਿਆਉਣਾ ਸੀ। ਜਦੋਂ ਲੇਖਕ ਆਪਣੀ ਰਚਨਾ ਵਿੱਚ ਅਜਿਹੀਆਂ ਭਾਵਨਾਤਮਕ ਘਟਨਾਵਾਂ ਸ਼ਾਮਲ ਕਰਦੇ ਹਨ ਤਾਂ ਇਸ ਨਾਲ ਬੁੱਕ ਦੀ ਵਿਕਰੀ ਵਧਦੀ ਹੈ ਅਤੇ ਸੋਸ਼ਲ ਮੀਡੀਆ ਤੇ ਵਾਇਰਲ ਹੋ ਜਾਂਦੀ ਹੈ। ਬਾਅਦ ਵਿੱਚ ਇਹ ਕਥਾ ਰਾਜਨੀਤਿਕ ਅਤੇ ਸਮਾਜਿਕ ਚਰਚਾਵਾਂ ਵਿੱਚ ਵੀ ਵਰਤੀ ਜਾਣ ਲੱਗੀ। ਕੁਝ ਲੋਕ ਇਸ ਨੂੰ ਜਾਤੀ ਵਿਵਸਥਾ ਵਿਰੋਧੀ ਲੜਾਈ ਵਜੋਂ ਪੇਸ਼ ਕਰਦੇ ਹਨ, ਜਦਕਿ ਅਸਲ ਵਿੱਚ ਇਹ ਇੱਕ ਆਮ ਆਬਾਦੀ ਟੈਕਸ ਸੀ ਜੋ ਆਰਥਿਕ ਲੋੜਾਂ ਕਰਕੇ ਲਾਗੂ ਕੀਤਾ ਗਿਆ ਸੀ। ਇਸ ਟੈਕਸ ਨਾਲ ਔਰਤਾਂ ਦੀ ਇੱਜਤ ਜਾਂ ਛਾਤੀਆਂ ਢੱਕਣ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਤੋਂ ਉਲਟ, ਇਤਿਹਾਸਕਾਰਾਂ ਅਨੁਸਾਰ ਇਹ ਟੈਕਸ ਬ੍ਰਿਟਿਸ਼ ਪ੍ਰਭਾਵ ਅਤੇ ਰਾਜਸੀ ਆਰਥਿਕ ਤੰਗੀ ਕਰਕੇ ਲਾਗੂ ਹੋਇਆ ਸੀ। ਮਨੂ ਐੱਸ. ਪਿਲਾਈ ਆਪਣੀ ਰਚਨਾ 'ਦ ਆਈਵਰੀ ਥ?ਰੋਨ: ਕ੍ਰੋਨੀਕਲਜ਼ ਆਫ ਦ ਹਾਊਸ ਆਫ ਤਰਵਾਨਕੋਰ' ਵਿੱਚ ਇਸ ਮਿਥ ਨੂੰ ਗਲਤ ਲਿਖਿਆ ਗਿਆ ਹੈ। ਉਹ ਸਪੱਸ਼ਟ ਕਰਦੇ ਹਨ ਕਿ ਨਾਂਗੇਲੀ ਦੀ ਕਥਾ ਨੂੰ ਬਾਅਦ ਵਿੱਚ ਇੱਕ ਪਿਤਾ-ਸੱਤਾਕਾਰੀ ਲੜਾਈ ਵਜੋਂ ਰੀ-ਇੰਟਰਪ੍ਰੇਟ ਕੀਤਾ ਗਿਆ, ਜਦਕਿ ਅਸਲ ਵਿੱਚ ਇਹ ਟੈਕਸ ਵਿਰੋਧੀ ਬਗਾਵਤ ਵੀ ਨਹੀਂ ਸੀ ਬਲਕਿ ਇੱਕ ਆਮ ਟੈਕਸ ਵਿਰੋਧੀ ਲੋਕ-ਕਥਾ ਸੀ। ਇਸ ਤਰ੍ਹਾਂ ਲੇਖਕਾਂ ਨੇ ਇਸ ਫਿਕਸ਼ਨ ਭਾਵ ਕਲਪਨਾ ਨੂੰ ਇਤਿਹਾਸ ਵਜੋਂ ਪੇਸ਼ ਕਰਕੇ ਗਲਤ ਤੱਥ ਪ੍ਰਚਾਰੇ। ਇਸ ਨਾਲ ਇਤਿਹਾਸਕ ਗਲਤਫਹਿਮੀਆਂ ਪੈਦਾ ਹੋਈਆਂ ਅਤੇ ਨਵੀਆਂ ਪੀੜ੍ਹੀਆਂ ਇਸ ਨੂੰ ਸੱਚ ਮੰਨਣ ਲੱਗੀਆਂ। ਇਸ ਤੋਂ ਇਲਾਵਾ ਕਈ ਹੋਰ ਰਚਨਾਵਾਂ ਵੀ ਇਸ ਥੀਮ ਤੇ ਆਈਆਂ ਹਨ ਜਿਵੇਂ ਸ਼੍ਰੀਧਰ ਮੇਨਨ ਵੱਲੋਂ ਲਿਖੀ ਗਈ 'ਦ ਬ੍ਰੈਸਟ ਟੈਕਸ' ਈ-ਬੁੱਕ। ਇਨ੍ਹਾਂ ਰਚਨਾਵਾਂ ਵਿੱਚ ਵੀ ਇਸ ਨੂੰ ਫਿਕਸ਼ਨਲ ਭਾਵ ਕਾਲਪਨਿਕ ਰੂਪ ਵਿੱਚ ਹੀ ਵਰਤਿਆ ਗਿਆ ਹੈ। ਲੇਖਕਾਂ ਨੇ ਇਸ ਤਰ੍ਹਾਂ ਦੀਆਂ ਕਥਾਵਾਂ ਰਾਹੀਂ ਆਪਣੀਆਂ ਰਚਨਾਵਾਂ ਨੂੰ ਵਧੇਰੇ ਆਕਰਸ਼ਕ ਬਣਾਇਆ ਅਤੇ ਇਸ ਨਾਲ ਉਨ੍ਹਾਂ ਨੂੰ ਵਧੀਆ ਮਸ਼ਹੂਰੀ ਮਿਲੀ। ਪਰ ਇਸ ਤਰ੍ਹਾਂ ਗਲਤ ਇਤਿਹਾਸ ਪ੍ਰਚਾਰਨਾ ਇੱਕ ਗੰਭੀਰ ਮੁੱਦਾ ਬਣ ਜਾਂਦਾ ਹੈ ਕਿਉਂਕਿ ਇਸ ਨਾਲ ਅਸਲ ਇਤਿਹਾਸ ਨੂੰ ਵਿਗਾੜਿਆ ਜਾਂਦਾ ਹੈ। ਅਸਲ ਵਿੱਚ ਤਰਵਾਨਕੋਰ ਵਿੱਚ ਜਾਤੀ ਪ੍ਰਣਾਲੀ ਅਤੇ ਟੈਕਸ ਪ੍ਰਣਾਲੀ ਬਹੁਤ ਗੁੰਝਲਦਾਰ ਸੀ। ਘੱਟ ਜਾਤੀਆਂ ਤੇ ਬਹੁਤ ਸਾਰੀਆਂ ਪਾਬੰਦੀਆਂ ਸਨ, ਪਰ ਬ੍ਰੈਸਟ ਟੈਕਸ ਵਾਲੀ ਵਿਸ਼ੇਸ਼ ਘਟਨਾ ਇੱਕ ਫਿਕਸ਼ਨ ਭਾਵ ਕਲਪਨਾ ਹੈ। ਇਸ ਨੂੰ ਲੇਖਕਾਂ ਨੇ ਆਪਣੀਆਂ ਬੁੱਕਾਂ ਦੀ ਵਿਕਰੀ ਅਤੇ ਸਮਾਜਿਕ ਚਰਚਾ ਲਈ ਵਰਤਿਆ। ਇਸ ਤਰ੍ਹਾਂ ਦੀਆਂ ਕਥਾਵਾਂ ਨੂੰ ਫੈਕਟ ਵਜੋਂ ਪੇਸ਼ ਕਰਨ ਨਾਲ ਇਤਿਹਾਸਕ ਸੱਚਾਈ ਛੁਪ ਜਾਂਦੀ ਹੈ। ਸਾਨੂੰ ਇਸ ਤਰ੍ਹਾਂ ਦੀਆਂ ਰਚਨਾਵਾਂ ਨੂੰ ਫਿਕਸ਼ਨ ਭਾਵ ਕਲਪਨਾ ਵਜੋਂ ਹੀ ਲੈਣਾ ਚਾਹੀਦਾ ਹੈ ਅਤੇ ਅਸਲ ਇਤਿਹਾਸਕ ਤੱਥਾਂ ਤੇ ਭਰੋਸਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਬ੍ਰੈਸਟ ਟੈਕਸ ਦੀ ਕਥਾ ਇੱਕ ਉਦਾਹਰਣ ਹੈ ਕਿ ਲੋਕ-ਕਥਾਵਾਂ ਨੂੰ ਕਿਵੇਂ ਆਧੁਨਿਕ ਲੇਖਕ ਆਪਣੇ ਉਦੇਸ਼ ਲਈ ਵਰਤਦੇ ਹਨ। ਇਸ ਨਾਲ ਬੁੱਕਾਂ ਦੀ ਮਸ਼ਹੂਰੀ ਤਾਂ ਹੁੰਦੀ ਹੈ ਪਰ ਇਤਿਹਾਸ ਨੂੰ ਨੁਕਸਾਨ ਪਹੁੰਚਦਾ ਹੈ। ਸੱਚੀ ਇਤਿਹਾਸਕ ਖੋਜ ਇਸ ਤਰ੍ਹਾਂ ਦੀਆਂ ਗਲਤਫਹਿਮੀਆਂ ਨੂੰ ਦੂਰ ਕਰਦੀ ਹੈ ਅਤੇ ਸਾਨੂੰ ਅਸਲ ਤੱਥਾਂ ਤੱਕ ਲੈ ਕੇ ਜਾਂਦੀ ਹੈ।



ਸੰਦੀਪ ਕੁਮਾਰ

ਮੋਬਾ. : 7009807121

# ਵਿਦਿਆਰਥੀਆਂ ਵਿੱਚ ਕਾਪੀਆਂ ਪੂਰੀਆਂ ਨਾ ਕਰਨ ਦੀ ਵਧ ਰਹੀ ਲਾਪਰਵਾਹੀ : ਇੱਕ ਗੰਭੀਰ ਚਿੰਤਾ ਦਾ ਵਿਸ਼ਾ

ਜ਼ਿਕਰ ਪੰਜਾਬ

ਅਜੋਕੇ ਦੌਰ ਵਿੱਚ ਜਿੱਥੇ ਸਿੱਖਿਆ ਪ੍ਰਣਾਲੀ ਨੂੰ ਬਹੁਤ ਆਧੁਨਿਕ ਅਤੇ ਡਿਜੀਟਲ ਬਣਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਉੱਥੇ ਹੀ ਵਿਦਿਆਰਥੀਆਂ ਦੀਆਂ ਰੋਜ਼ਾਨਾ ਗਤੀਵਿਧੀਆਂ ਅਤੇ ਅਕਾਦਮਿਕ ਨਿਰੀਖਣ ਦੌਰਾਨ ਇੱਕ ਬਹੁਤ ਹੀ ਚਿੰਤਾਜਨਕ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ, ਜਿਸ ਵੱਲ ਤੁਰੰਤ ਧਿਆਨ ਦੇਣਾ ਬੇਹੱਦ ਲਾਜ਼ਮੀ ਹੋ ਗਿਆ ਹੈ। ਸਕੂਲਾਂ ਵਿੱਚ ਰੋਜ਼ਾਨਾ ਦੇਖਿਆ ਜਾਂਦਾ ਹੈ ਕਿ ਵੱਡੀ ਗਿਣਤੀ ਵਿੱਚ ਵਿਦਿਆਰਥੀ ਆਪਣੀਆਂ ਵੱਖ-ਵੱਖ ਵਿਸ਼ਿਆਂ ਦੀਆਂ ਕਾਪੀਆਂ (ਨੋਟ-ਬੁੱਕਸ) ਨੂੰ ਸਮੇਂ ਸਿਰ ਪੂਰਾ ਕਰਨ ਅਤੇ ਉਨ੍ਹਾਂ ਨੂੰ ਸੰਭਾਲ ਕੇ ਰੱਖਣ ਵਿੱਚ ਭਾਰੀ ਲਾਪਰਵਾਹੀ ਵਰਤ ਰਹੇ ਹਨ। ਲਿਖਤੀ ਕੰਮ ਪ੍ਰਤੀ ਇਹ ਵੱਧ ਰਹੀ ਉਦਾਸੀਨਤਾ ਸਿਰਫ਼ ਇੱਕ ਸਾਧਾਰਨ ਆਦਤ ਨਹੀਂ ਹੈ, ਬਲਕਿ ਇਹ ਵਿਦਿਆਰਥੀਆਂ ਦੇ ਨਤੀਜਿਆਂ ਅਤੇ ਉਨ੍ਹਾਂ ਦੇ ਮਾਨਸਿਕ ਵਿਕਾਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਜਦੋਂ ਅਧਿਆਪਕ ਜਮਾਤ ਵਿੱਚ ਗਣਿਤ ਦੇ ਸਵਾਲ ਹੱਲ ਕਰਵਾਉਂਦੇ ਹਨ ਜਾਂ ਵਿਗਿਆਨ ਦੇ ਮਹੱਤਵਪੂਰਨ ਚਿੱਤਰ ਬਣਾਉਂਦੇ ਹਨ, ਤਾਂ ਬਹੁਤ ਸਾਰੇ ਬੱਚੇ ਉਨ੍ਹਾਂ ਨੂੰ ਆਪਣੀ ਕਾਪੀ 'ਤੇ ਉਤਾਰਨ ਜਾਂ ਬਣਾਉਣ ਦੀ ਬਜਾਏ ਸਿਰਫ਼ ਦੇਖਦੇ ਰਹਿੰਦੇ ਹਨ ਜਾਂ ਅਧੂਰਾ ਛੱਡ ਦੇਂਦੇ ਹਨ, ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਪ੍ਰੀਖਿਆਵਾਂ ਦੇ ਦਿਨਾਂ ਵਿੱਚ ਉਨ੍ਹਾਂ ਕੋਲ ਦੁਹਰਾਈ ਕਰਨ ਲਈ ਕੋਈ ਪ੍ਰਮਾਣਿਕ ਸਮੱਗਰੀ ਹੀ ਉਪਲਬਧ ਨਹੀਂ ਹੁੰਦੀ।ਮਨੋਵਿਗਿਆਨਕ ਅਤੇ ਸਿੱਖਿਆ ਸ਼ਾਸਤਰੀ ਹਮੇਸ਼ਾ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ 'ਇੱਕ ਵਾਰ ਹੱਥੀਂ ਲਿਖਿਆ, ਦਸ ਵਾਰ ਪੜ੍ਹਨ ਦੇ ਬਰਾਬਰ ਹੁੰਦਾ ਹੈ' ਕਿਉਂਕਿ ਜਦੋਂ ਇੱਕ ਵਿਦਿਆਰਥੀ ਜਮਾਤ ਵਿੱਚ ਸੁਣੇ ਹੋਏ ਪਾਠ ਨੂੰ ਆਪਣੇ ਹੱਥਾਂ ਨਾਲ ਕਾਪੀ 'ਤੇ ਸਾਫ਼-ਸਾਫ਼ ਲਿਖਦਾ ਹੈ, ਤਾਂ ਉਸ ਦਾ ਦਿਮਾਗ਼ ਉਸ ਜਾਣਕਾਰੀ ਨੂੰ ਬਹੁਤ



ਡੂੰਘਾਈ ਨਾਲ ਗ੍ਰਹਿਣ ਕਰਦਾ ਹੈ। ਪਰ ਅੱਜ-ਕੱਲ੍ਹ ਦੇ ਬੱਚੇ ਇਸ ਮਹੱਤਵਪੂਰਨ ਪ੍ਰਕਿਰਿਆ ਤੋਂ ਦੂਰ ਹੁੰਦੇ ਜਾ ਰਹੇ ਹਨ, ਜਿਸ ਦੇ ਕਈ ਪ੍ਰਤੱਖ ਉਦਾਹਰਨ ਰੋਜ਼ਾਨਾ ਸਕੂਲ ਵਿੱਚ ਦੇਖੇ ਜਾ ਸਕਦੇ ਹਨ। ਉਦਾਹਰਨ ਦੇ ਤੌਰ 'ਤੇ, ਜਦੋਂ ਅੰਗਰੇਜ਼ੀ ਜਾਂ ਪੰਜਾਬੀ ਵਿਆਕਰਨ ਦੇ ਨਿਯਮ ਜਮਾਤ ਵਿੱਚ ਸਮਝਾਏ ਜਾਂਦੇ ਹਨ, ਤਾਂ ਵਿਦਿਆਰਥੀ ਉਨ੍ਹਾਂ ਨੂੰ ਕਾਪੀਆਂ 'ਤੇ ਨੋਟ ਕਰਨ ਦੀ ਬਜਾਏ ਬਾਜ਼ਾਰੂ ਗਾਈਡਾਂ ਜਾਂ ਮੋਬਾਈਲ ਐਪਲੀਕੇਸ਼ਨਾਂ 'ਤੇ ਨਿਰਭਰ ਹੋ ਜਾਂਦੇ ਹਨ। ਇਸ ਡਿਜੀਟਲ ਨਿਰਭਰਤਾ ਕਾਰਨ ਬੱਚਿਆਂ ਵਿੱਚ ਆਪਣੇ ਹੱਥੀਂ ਨੋਟਸ ਤਿਆਰ ਕਰਨ ਦੀ ਕਲਾ ਬਿਲਕੁਲ ਖ਼ਤਮ ਹੁੰਦੀ ਜਾ ਰਹੀ ਹੈ। ਜਦੋਂ ਬੱਚਾ ਲਿਖਣ ਦਾ ਅਭਿਆਸ ਹੀ ਨਹੀਂ ਕਰੇਗਾ, ਤਾਂ ਉਸ ਦੀ ਲਿਖਾਵਟ ਦਿਨ-ਬ-ਦਿਨ ਖ਼ਰਾਬ ਹੁੰਦੀ ਜਾਵੇਗੀ ਅਤੇ ਉਸ ਦੀ ਲਿਖਣ ਦੀ ਗਤੀ ਵੀ ਬਹੁਤ ਹੌਲੀ ਹੋ ਜਾਵੇਗੀ। ਇਸੇ ਲਾਪਰਵਾਹੀ ਦਾ ਸਿੱਟਾ ਪ੍ਰੀਖਿਆ ਹਾਲ ਵਿੱਚ ਦੇਖਣ ਨੂੰ ਮਿਲਦਾ ਹੈ ਜਿੱਥੇ ਬਹੁਤ ਸਾਰੇ ਹੁਸ਼ਿਆਰ ਬੱਚੇ ਵੀ ਇਹ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੂੰ ਪੇਪਰ ਤਾਂ ਸਾਰਾ ਆਉਂਦਾ ਸੀ, ਪਰ ਸਮਾਂ ਘੱਟ ਰਹਿਣ ਕਰਕੇ ਉਹ ਕਈ ਸਵਾਲ ਛੱਡ ਆਏ, ਜੋ ਕਿ ਅਸਲ ਵਿੱਚ ਲਿਖਣ ਦੇ ਅਭਿਆਸ ਦੀ ਕਮੀ ਦਾ ਹੀ ਸਿੱਧਾ ਨਤੀਜਾ ਹੈ।ਇਸ ਗੰਭੀਰ ਲਾਪਰਵਾਹੀ ਪਿੱਛੇ ਮੁੱਖ ਕਾਰਨਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਮੋਬਾਈਲ ਫ਼ੋਨ ਅਤੇ ਸੋਸ਼ਲ ਮੀਡੀਆ ਦੀ ਬੇਲੋੜੀ ਵਰਤੋਂ ਸਭ ਤੋਂ ਅੱਗੇ ਆਉਂਦੀ ਹੈ। ਵਿਦਿਆਰਥੀ ਸਕੂਲ ਤੋਂ ਘਰ ਜਾ ਕੇ ਆਪਣਾ ਕੀਮਤੀ ਸਮਾਂ ਪੜ੍ਹਾਈ ਜਾਂ ਕਾਪੀਆਂ ਪੂਰੀਆਂ ਕਰਨ ਦੀ ਬਜਾਏ ਵੀਡੀਓ ਗੇਮਾਂ ਖੇਡਣ ਜਾਂ ਰੀਲਾਂ ਬਣਾਉਣ ਜਾਂ ਦੇਖਣ ਵਿੱਚ ਬਰਬਾਦ ਕਰ ਦਿੰਦੇ ਹਨ। ਇਸ ਦੇ ਨਾਲ ਹੀ, ਮਾਪਿਆਂ ਦੀ ਵਧ ਰਹੀ ਅਵੇਸਲਤਾ ਵੀ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਰਹੀ ਹੈ ਕਿਉਂਕਿ ਬਹੁਤ ਸਾਰੇ ਮਾਪੇ ਆਪਣੇ ਰੁਝੇਵਿਆਂ ਕਾਰਨ ਕਦੇ ਬੱਚੇ ਦਾ ਬਸਤਾ ਖੋਲ੍ਹ ਕੇ ਦੇਖਣ ਦੀ ਜ਼ਹਿਮਤ ਹੀ ਨਹੀਂ ਉਠਾਉਂਦੇ ਕਿ ਉਸ ਦਾ ਕਿੰਨਾ ਕੰਮ ਅਧੂਰਾ ਹੈ। ਇੱਕ ਹੋਰ ਵੱਡੀ ਸਮੱਸਿਆ ਇਹ ਵੀ ਸਾਹਮਣੇ ਆਉਂਦੀ ਹੈ ਕਿ ਜਦੋਂ ਕਿਸੇ ਵਿਦਿਆਰਥੀ ਦਾ ਕੰਮ ਬਹੁਤ ਜ਼ਿਆਦਾ ਪਿਛੜ ਜਾਂਦਾ ਹੈ, ਤਾਂ ਉਹ ਅਧਿਆਪਕ ਦੇ ਡਰੋਂ ਜਾਂ ਚੈਕਿੰਗ ਤੋਂ ਬਚਣ ਲਈ ਸਕੂਲ ਤੋਂ ਝੂਠੇ ਬਹਾਨੇ ਬਣਾ ਕੇ ਗ਼ੈਰ-ਹਾਜ਼ਰ ਰਹਿਣ ਲੱਗ ਪੈਂਦਾ ਹੈ, ਜਿਸ ਨਾਲ ਉਸ ਦੀ ਪੜ੍ਹਾਈ ਦਾ ਹੋਰ ਵੀ ਜ਼ਿਆਦਾ ਨੁਕਸਾਨ ਹੁੰਦਾ ਹੈ। ਕਈ ਵਾਰ ਵਿਦਿਆਰਥੀ ਇੱਕ-ਦੂਜੇ ਦੀਆਂ ਕਾਪੀਆਂ ਮੰਗ ਕੇ ਸਿਰਫ਼ ਫੋਟੋਸਟੇਟ ਕਰਵਾ ਕੇ ਰੱਖ ਲੈਂਦੇ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਫੋਟੋਸਟੇਟ ਕੀਤੇ ਕਾਗਜ਼ ਕਦੇ ਵੀ ਦਿਮਾਗ਼ ਵਿੱਚ ਗਿਆਨ ਦਾ ਨਿਰਮਾਣ ਨਹੀਂ ਕਰ ਸਕਦੇ।ਇਸ ਨਕਾਰਾਤਮਕ ਰੁਝਾਨ ਨੂੰ ਠੱਲ੍ਹ ਪਾਉਣ ਲਈ ਹੁਣ ਸਿਰਫ਼ ਸਕੂਲ ਪ੍ਰਸ਼ਾਸਨ ਜਾਂ ਅਧਿਆਪਕਾਂ ਦੇ ਯਤਨ ਹੀ ਕਾਫ਼ੀ ਨਹੀਂ ਹਨ, ਬਲਕਿ ਇਸ ਲਈ ਇੱਕ ਮਜ਼ਬੂਤ ਤ੍ਰਿਕੋਣੀ ਸਾਂਝ ਮਤਲਬ ਅਧਿਆਪਕ, ਮਾਪੇ ਅਤੇ ਵਿਦਿਆਰਥੀ ਦੀ ਤੁਰੰਤ ਲੋੜ ਹੈ। ਸਕੂਲ ਵਿੱਚ ਹੋਣ ਵਾਲੀ 'ਅਧਿਆਪਕ-ਮਾਪੇ ਮਿਲਣੀ' (ਪੀ.ਟੀ.ਐੱਮ.) ਇਸ ਸਮੱਸਿਆ ਦੇ ਹੱਲ ਲਈ ਇੱਕ ਬਹੁਤ ਹੀ ਢੁਕਵਾਂ ਅਤੇ ਅਹਿਮ ਪਲੇਟਫਾਰਮ ਸਾਬਤ ਹੋ ਸਕਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਪੀ.ਟੀ.ਐੱਮ. ਦੌਰਾਨ ਕੇਵਲ ਬੱਚੇ ਦੇ ਅੰਕਾਂ ਬਾਰੇ ਹੀ ਨਾ ਪੁੱਛਣ, ਬਲਕਿ ਵਿਸ਼ਾ-ਅਧਿਆਪਕਾਂ ਕੋਲ ਬੈਠ ਕੇ ਬੱਚੇ ਦੀਆਂ ਸਾਰੀਆਂ ਨੋਟ-ਬੁੱਕਾਂ ਦੀ ਖ਼ੁਦ ਡੂੰਘਾਈ ਨਾਲ ਜਾਂਚ ਕਰਨ ਅਤੇ ਅਧਿਆਪਕਾਂ ਵੱਲੋਂ ਲਾਲ ਸਿਆਹੀ ਨਾਲ ਲਿਖੀਆਂ ਟਿੱਪਣੀਆਂ ਨੂੰ ਗੰਭੀਰਤਾ ਨਾਲ ਪੜ੍ਹਨ। ਮਾਪਿਆਂ ਨੂੰ ਇਹ ਵੀ ਯਕੀਨੀ ਬਣਾਉਣਾ ਪਵੇਗਾ ਕਿ ਬੱਚਾ ਘਰ ਦਾ ਕੰਮ ਖ਼ੁਦ ਆਪਣੇ ਹੱਥੀਂ ਕਰੇ ਅਤੇ ਪੀ.ਟੀ.ਐੱਮ. ਵਿੱਚ ਮਿਲੇ ਸੁਝਾਵਾਂ ਨੂੰ ਘਰ ਵਿੱਚ ਸਖ਼ਤੀ ਨਾਲ ਲਾਗੂ ਕੀਤਾ ਜਾਵੇ।



ਬਲਵਿੰਦਰ ਸਿੰਘ
ਮੋਬਾ. : 9855100952

ਸਕੂਲ ਪੱਧਰ 'ਤੇ ਵੀ ਅਸੀਂ ਅਜਿਹੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਮੁਹਿੰਮਾਂ ਸ਼ੁਰੂ ਕਰਨ ਜਾ ਰਹੇ ਹਾਂ ਜਿੱਥੇ ਸਭ ਤੋਂ ਸਾਫ਼ ਅਤੇ ਮੁਕੰਮਲ ਕਾਪੀਆਂ ਰੱਖਣ ਵਾਲੇ ਬੱਚਿਆਂ ਨੂੰ ਸਵੇਰ ਦੀ ਸਭਾ ਵਿੱਚ ਸਨਮਾਨਿਤ ਕੀਤਾ ਜਾਵੇਗਾ ਅਤੇ ਆਉਣ ਵਾਲੀਆਂ ਪੀ.ਟੀ.ਐੱਮ. ਮੀਟਿੰਗਾਂ ਵਿੱਚ ਦੂਜੇ ਮਾਪਿਆਂ ਦੇ ਸਾਹਮਣੇ ਮਾਡਲ ਵਜੋਂ ਪੇਸ਼ ਕੀਤਾ ਜਾਵੇਗਾ, ਤਾਂ ਜੋ ਸਾਰੇ ਬੱਚਿਆਂ ਅਤੇ ਮਾਪਿਆਂ ਵਿੱਚ ਇੱਕ ਸਕਾਰਾਤਮਕ ਭਾਵਨਾ ਪੈਦਾ ਹੋਵੇ। ਅੰਤ ਵਿੱਚ, ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਨੋਟ-ਬੁੱਕ ਸਿਰਫ਼ ਕਾਗਜ਼ਾਂ ਦਾ ਇੱਕ ਪੁਲੰਦਾ ਨਹੀਂ ਹੁੰਦੀ, ਬਲਕਿ ਇਹ ਵਿਦਿਆਰਥੀ ਦੀ ਸਾਲ ਭਰ ਦੀ ਮਿਹਨਤ, ਉਸ ਦੇ ਅਨੁਸ਼ਾਸਨ ਅਤੇ ਉਸ ਦੇ ਚਰਿੱਤਰ ਦਾ ਸ਼ੀਸ਼ਾ ਹੁੰਦੀ ਹੈ, ਇਸ ਲਈ ਜੇਕਰ ਅਸੀਂ ਅੱਜ ਪੀ.ਟੀ.ਐੱਮ. ਵਰਗੇ ਸਾਂਝੇ ਉਪਰਾਲਿਆਂ ਰਾਹੀਂ ਬੱਚਿਆਂ ਵਿੱਚ ਲਿਖਣ ਦੀ ਆਦਤ ਨੂੰ ਸੁਰੱਖਿਅਤ ਨਾ ਰੱਖਿਆ, ਤਾਂ ਅਸੀਂ ਇੱਕ ਗੰਭੀਰ ਅਤੇ ਬੌਧਿਕ ਪੀੜ੍ਹੀ ਦੀ ਸਿਰਜਣਾ ਕਰਨ ਵਿੱਚ ਨਾਕਾਮਯਾਬ ਹੋਵਾਂਗੇ।

# ਨਰੇਂਦਰ ਮੋਦੀ: ਸਭ ਤੋਂ ਲੰਬਾ ਸਮਾਂ ਸੇਵਾ ਨਿਭਾਉਣ ਵਾਲੇ 'ਸਿੱਧੇ ਚੁਣੇ ਗਏ' ਪ੍ਰਧਾਨ ਮੰਤਰੀ

ਜ਼ਿਕਰ ਪੰਜਾਬ

ਭਾਰਤ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਪ੍ਰਧਾਨ ਮੰਤਰੀ ਬਣੇ ਰਹਿਣ ਵਾਲੇ ਆਗੂ ਨੂੰ ਲੈ ਕੇ ਚੱਲ ਰਹੀ ਬਹਿਸ ਦੇ ਵਿਚਕਾਰ, ਮੈਨੂੰ ਮੇਰੇ ਪਿਤਾ, ਸਵਰਗੀ ਪ੍ਰਣਬ ਮੁਖਰਜੀ ਵੱਲੋਂ 2014 ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਬੇਮਿਸਾਲ ਜਿੱਤ ਬਾਰੇ ਦੱਸੀ ਗਈ ਇੱਕ ਦਿਲਚਸਪ ਗੱਲ ਯਾਦ ਆਉਂਦੀ ਹੈ। ਉਸ ਸਮੇਂ ਬਾਬਾ ਭਾਰਤ ਦੇ 13ਵੇਂ ਰਾਸ਼ਟਰਪਤੀ ਸਨ। ਵੱਖ-ਵੱਖ ਰਾਜਨੀਤਿਕ ਵਿਚਾਰਧਾਰਾਵਾਂ ਨਾਲ ਜੁੜੇ ਹੋਣ ਦੇ ਬਾਵਜੂਦ, ਉਨ੍ਹਾਂ ਦੇ ਆਪਸੀ ਸਬੰਧ ਬਹੁਤ ਵਧੀਆ ਸਨ, ਜੋ ਸ਼ਾਇਦ ਇੱਕ ਸੱਚੇ ਲੋਕਤੰਤਰ ਦੀ ਅਸਲ ਪਛਾਣ ਹੈ। ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ, ਮੋਦੀ ਜੀ ਰਾਸ਼ਟਰਪਤੀ ਭਵਨ ਵਿੱਚ ਬਾਬਾ ਨੂੰ ਮਿਲਣ ਆਏ। ਗੱਲਬਾਤ ਦੌਰਾਨ, ਬਾਬਾ ਨੇ ਮੋਦੀ ਜੀ ਤੋਂ ਚੋਣਾਂ ਬਾਰੇ ਉਨ੍ਹਾਂ ਦਾ ਵਿਸ਼ਲੇਸ਼ਣ ਪੁੱਛਿਆ। ਉਨ੍ਹਾਂ ਨੇ ਜਵਾਬ ਦਿੱਤਾ ਕਿ ਤਿੰਨ ਦਹਾਕਿਆਂ ਤੋਂ ਬਾਅਦ ਕਿਸੇ ਰਾਜਨੀਤਕ ਪਾਰਟੀ ਨੂੰ ਪੂਰਨ ਬਹੁਮਤ ਮਿਲਿਆ ਹੈ। ਓਦੋਂ ਬਾਬਾ ਨੇ ਆਪਣੇ ਵਿਲੱਖਣ ਪ੍ਰੋਫ਼ੈਸਰ ਵਾਲੇ ਅੰਦਾਜ਼ ਵਿੱਚ ਪੁੱਛਿਆ, 'ਅਤੇ ਹੋਰ ਕੀ?' ਜਦੋਂ ਮੋਦੀ ਜੀ ਚੁੱਪ ਰਹੇ, ਤਾਂ ਬਾਬਾ ਨੇ ਦੱਸਿਆ ਕਿ 2014 ਦੀਆਂ ਲੋਕ ਸਭਾ ਚੋਣਾਂ ਇਤਿਹਾਸ ਵਿੱਚ ਵਿਲੱਖਣ ਸਨ, ਕਿਉਂਕਿ ਇਸ ਵਿੱਚ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਇੱਕ ਨਵਾਂ ਚਿਹਰਾ ਪਹਿਲਾਂ ਹੀ ਐਲਾਨ ਕਰ ਦਿੱਤਾ ਗਿਆ ਸੀ। ਭਾਰਤੀ ਜਨਤਾ ਪਾਰਟੀ ਨੂੰ ਮਿਲਿਆ ਲੋਕਾਂ ਦਾ ਅਥਾਹ ਸਮਰਥਨ ਸਿਰ ਉਨ੍ਹਾਂ ਦੀ ਪਾਰਟੀ ਦੇ ਲਈ ਨਹੀਂ ਸੀ, ਸਗੋਂ ਇਹ ਲੋਕਾਂ ਦਾ ਸ਼੍ਰੀ ਨਰੇਂਦਰ ਮੋਦੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾਉਣ ਦੇ ਲਈ ਸਿੱਧਾ ਫ਼ਤਵਾ ਸੀ। ਦੂਜੀਆਂ ਚੋਣਾਂ ਦੇ ਉਲਟ, ਜਿੱਥੇ ਪ੍ਰਧਾਨ ਮੰਤਰੀ ਦਾ ਚਿਹਰਾ ਜਾਂ ਤਾਂ ਮੰਨ ਲਿਆ ਜਾਂਦਾ ਹੈ ਪਰ ਅਧਿਕਾਰਤ ਤੌਰ 'ਤੇ ਐਲਾਨਿਆ ਨਹੀਂ ਜਾਂਦਾ; ਜਾਂ ਪਰੰਪਰਾ ਦੇ ਮੁਤਾਬਕ ਨਵੇਂ ਚੁਣੇ ਗਏ ਸੰਸਦ ਮੈਂਬਰ ਉਨ੍ਹਾਂ ਦੀ ਚੋਣ ਕਰਦੇ ਹਨ; ਜਾਂ ਇਹ ਗਠਜੋੜ ਦੇ ਗਣਿਤ ਨਾਲ ਤੈਅ ਹੁੰਦਾ ਹੈ ਅਤੇ ਇਹ ਪ੍ਰਕਿਰਿਆ ਚੋਣਾਂ ਤੋਂ ਬਾਅਦ ਹੁੰਦੀ ਹੈ। ਮੋਦੀ ਜੀ ਤੋਂ ਪਹਿਲਾਂ ਡਾ. ਮਨਮੋਹਨ ਸਿੰਘ, ਜੋ ਕਦੇ ਲੋਕ-ਆਗੂ ਨਹੀਂ ਰਹੇ, ਉਨ੍ਹਾਂ ਨੂੰ ਤਤਕਾਲੀ ਕਾਂਗਰਸ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਨੇ ਚੁਣਿਆ ਸੀ। ਭਾਰਤ ਦੇ ਦੋ ਪ੍ਰਧਾਨ ਮੰਤਰੀ, ਸ਼੍ਰੀ ਪੀ.ਵੀ. ਨਰਸਿਮਹਾ ਰਾਓ ਅਤੇ ਸ਼੍ਰੀ ਐੱਚ.ਡੀ. ਦੇਵਗੌੜਾ - ਤਾਂ ਪ੍ਰਧਾਨ ਮੰਤਰੀ ਬਣਨ ਦੇ ਸਮੇਂ ਸੰਸਦ ਦੇ ਮੈਂਬਰ ਵੀ ਨਹੀਂ ਸਨ। ਸਰਲ ਸ਼ਬਦਾਂ ਵਿੱਚ ਕਹੀਏ ਤਾਂ, ਪ੍ਰਧਾਨ ਮੰਤਰੀ ਦੀ ਚੋਣ ਸੀਨੀਅਰ ਰਾਜਨੇਤਾ ਕਰਦੇ ਸਨ। 2014 ਭਾਰਤੀ ਰਾਜਨੀਤੀ ਦੇ ਚੋਣ ਸਮੀਕਰਨਾਂ ਵਿੱਚ ਇੱਕ ਬਹੁਤ ਵੱਡਾ ਬਦਲਾਵ ਸੀ, ਜਿੱਥੇ ਦੇਸ਼ ਦੀ ਜਨਤਾ ਨੇ ਸ਼੍ਰੀ ਨਰੇਂਦਰ ਮੋਦੀ ਨੂੰ ਲਗਭਗ 'ਰਾਸ਼ਟਰਪਤੀ ਚੋਣ' ਦੀ ਹੀ ਤਰ੍ਹਾਂ, ਸਪਸ਼ਟ ਰੂਪ ਵਿੱਚ ਅਤੇ ਬਿਨਾਂ ਕਿਸੇ ਸ਼ੱਕ ਦੇ ਆਪਣਾ ਪ੍ਰਧਾਨ ਮੰਤਰੀ ਚੁਣਿਆ। ਇੱਕ ਤਰ੍ਹਾਂ ਨਾਲ ਸ਼੍ਰੀ ਨਰੇਂਦਰ ਮੋਦੀ ਭਾਜਪਾ ਦੇ ਪੂਰਕ ਬਣ ਗਏ ਹਨ। ਮੈਂ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਬਾਰੇ ਬੰਗਾਲ ਦੇ ਦੋਸਤਾਂ ਨਾਲ ਹੋਈ ਕੁਝ ਗੱਲਬਾਤ ਦਾ ਜ਼ਿਕਰ ਕਰਨਾ ਚਾਹਾਂਗੀ। ਜਿੱਥੇ ਮੇਰੇ ਆਪਣੇ ਰਿਸ਼ਤੇਦਾਰ ਹੁਣ ਵੀ ਕਾਂਗਰਸ ਦੇ ਕੱਟੜ ਸਮਰਥਕ ਹਨ ਅਤੇ ਬੰਗਾਲ ਵਿੱਚ ਕਾਂਗਰਸ ਨੂੰ ਮਿਲੇ ਮਾਮੂਲੀ 2.9 ਪ੍ਰਤੀਸ਼ਤ ਵੋਟ ਸ਼ੇਅਰ ਵਿੱਚ ਉਨ੍ਹਾਂ ਦਾ ਵੀ ਯੋਗਦਾਨ ਸੀ, ਉੱਥੇ ਹੀ ਮੇਰੇ ਜ਼ਿਆਦਾਤਰ ਦੋਸਤਾਂ ਅਤੇ ਜਾਣ-ਪਛਾਣ ਵਾਲਿਆਂ ਨੇ ਭਾਜਪਾ ਨੂੰ ਵੋਟ ਦਿੱਤੀ ਸੀ। ਚੋਣਾਂ ਤੋਂ ਪਹਿਲਾਂ, ਮੈਂ ਉਨ੍ਹਾਂ ਨੂੰ ਪੁੱਛਦੀ ਹੁੰਦੀ ਸੀ ਕਿ ਉਹ ਕਿਸ ਪਾਰਟੀ ਨੂੰ ਵੋਟ ਦੇਣਗੇ। ਜ਼ਿਆਦਾਤਰ ਲੋਕਾਂ ਦਾ ਜਵਾਬ ਇਹੀ ਹੁੰਦਾ ਸੀ ਕਿ ਉਹ 'ਮੋਦੀ' ਨੂੰ ਵੋਟ ਦੇਣਗੇ। ਮੈਂ ਉਨ੍ਹਾਂ ਨੂੰ ਯਾਦ ਦਿਵਾਉਂਦੀ ਸੀ ਕਿ ਇਹ ਵਿਧਾਨ ਸਭਾ ਚੋਣਾਂ ਹਨ ਅਤੇ ਮੋਦੀ ਜੀ ਚੋਣਾਂ ਨਹੀਂ ਲੜ ਰਹੇ ਹਨ। ਉਨ੍ਹਾਂ ਦਾ ਜਵਾਬ ਹਮੇਸ਼ਾ ਇਹੀ ਹੁੰਦਾ ਸੀ—'ਓਈ ਏਕ-ਈ ਇਬਯਾਪਾਰ'—ਭਾਵ 'ਗੱਲ ਇੱਕੋ ਹੀ ਹੈ'। ਸ਼੍ਰੀ ਨਰੇਂਦਰ ਮੋਦੀ ਜੀ ਨਾ ਕੇਵਲ ਦੇਸ਼ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਚੁਣੇ ਹੋਏ ਪ੍ਰਧਾਨ ਮੰਤਰੀ ਹਨ, ਸਗੋਂ ਸ਼ਾਇਦ ਆਜ਼ਾਦੀ ਤੋਂ ਬਾਅਦ ਦੇਸ਼ ਨੇ ਜਿੰਨੇ ਵੀ ਪ੍ਰਧਾਨ ਮੰਤਰੀ ਦੇਖੇ ਹਨ, ਉਨ੍ਹਾਂ ਵਿੱਚੋਂ ਉਹ ਸਭ ਤੋਂ ਮਜ਼ਬੂਤ ਨੇਤਾਵਾਂ ਵਿੱਚੋਂ ਇੱਕ ਹਨ। ਉਹ ਗਠਜੋੜ ਸਰਕਾਰਾਂ, ਜੋ ਆਪਣੀ ਸੱਤਾ ਬਣਾਈ ਰੱਖਣ ਲਈ ਦੂਜਿਆਂ 'ਤੇ ਨਿਰਭਰ ਰਹਿੰਦੀਆਂ ਹਨ, ਦੇ ਉਨ੍ਹਾਂ ਵਿਘਨਾਂ (ਅਕਸਰ ਬਲੈਕਮੇਲ ਕਰਨ ਵਾਲੇ ਤਰੀਕਿਆਂ) ਦਾ ਸ਼ਿਕਾਰ ਹੋਏ ਬਿਨਾਂ ਇੱਕ ਮਜ਼ਬੂਤ ਅਤੇ ਸਥਿਰ ਸਰਕਾਰ ਦੇਣ ਵਿੱਚ ਸਫ਼ਲ ਰਹੇ ਹਨ। ਕੋਈ ਉਨ੍ਹਾਂ ਦੀਆਂ ਕਈ ਨੀਤੀਆਂ ਜਾਂ ਕੰਮ ਕਰਨ ਦੇ ਤਰੀਕੇ ਨਾਲ ਅਸਹਿਮਤ ਹੋ ਸਕਦਾ ਹੈ ਅਤੇ ਲੋਕਤੰਤਰ ਵਿੱਚ ਅਜਿਹਾ ਹੋਣਾ ਬਿਲਕੁਲ ਆਮ ਗੱਲ ਹੈ; ਪਰ ਕੋਈ ਵੀ ਉਨ੍ਹਾਂ ਦੇ ਆਕਰਸ਼ਣ ਅਤੇ 'ਅਭਿਲਾਸ਼ੀ ਭਾਰਤ' ਲਈ ਪ੍ਰੇਰਨਾ ਵਜੋਂ ਭਾਰਤੀ ਵੋਟਰਾਂ ਦੇ ਨਾਲ ਉਨ੍ਹਾਂ ਦੇ ਜੁੜਾਵ ਨੂੰ ਨਕਾਰ ਨਹੀਂ ਸਕਦਾ। ਇਹ ਗੱਲ 2019 ਅਤੇ ਫਿਰ 2024 ਵਿੱਚ ਵੀ ਸਪਸ਼ਟ ਰੂਪ ਵਿੱਚ ਦਿਖਾਈ ਦਿੱਤੀ। ਤੁਸੀਂ ਸ਼੍ਰੀ ਨਰੇਂਦਰ ਮੋਦੀ ਨੂੰ ਪਸੰਦ ਕਰੋ ਜਾਂ ਨਾਪਸੰਦ, ਪਰ ਤੁਸੀਂ 'ਬ੍ਰਾਂਡ ਮੋਦੀ' ਨੂੰ ਅਣਗੌਲਿਆ ਨਹੀਂ ਕਰ ਸਕਦੇ। ਵੱਡੀ ਤਾਕਤ ਦੇ ਨਾਲ ਵੱਡੀ ਜ਼ਿੰਮੇਵਾਰੀ ਵੀ ਆਉਂਦੀ ਹੈ।



ਸੁਸ਼੍ਰੀ ਸ਼ਰਮਿਸ਼ਠਾ ਮੁਖਰਜੀ

**(ਲੇਖਿਕਾ ਇੱਕ ਕਾਲਮਨਵੀਸ ਹਨ ਅਤੇ 'ਪ੍ਰਣਬ ਮਾਈ ਫਾਦਰ: ਏ ਡੌਟਰ ਰਿਮੈਂਬਰਸ' ਪੁਸਤਕ ਦੀ ਲੇਖਿਕਾ ਹਨ। ਉਹ ਵਰਤਮਾਨ ਵਿੱਚ 'ਪ੍ਰਣਬ ਮੁਖਰਜੀ ਲਿਗੇਸੀ ਫਾਊਂਡੇਸ਼ਨ' ਦੀ ਸੰਚਾਲਕ ਹਨ।)**

# ਨਵਾਂ ਭਾਰਤ ਸ਼ੱਕ ਤੋਂ ਭਰੋਸੇ ਵੱਲ ਅਤੇ ਡਰ ਤੋਂ ਆਜ਼ਾਦੀ ਵੱਲ ਵਧ ਰਿਹਾ ਹੈ

ਜ਼ਿਕਰ ਪੰਜਾਬ

ਦਹਾਕਿਆਂ ਤੱਕ, ਭਾਰਤ ਦੀ ਰੈਗੂਲੇਟਰੀ ਪ੍ਰਣਾਲੀ ਨਾਗਰਿਕਾਂ ਨੂੰ ਡੂੰਘੇ ਸ਼ੱਕ ਦੀ ਨਜ਼ਰ ਨਾਲ ਦੇਖਦੀ ਸੀ। ਨਾਗਰਿਕਾਂ ਨੂੰ ਮਾਮੂਲੀ, ਪ੍ਰਕਿਰਿਆਤਮਕ ਗਲਤੀਆਂ ਜਾਂ ਕਿਸੇ ਅਧਿਕਾਰੀ ਦੇ ਸਿਰਫ ਸ਼ੱਕ ਦੇ ਅਧਾਰ 'ਤੇ ਉਨ੍ਹਾਂ ਨੂੰ ਅਪਰਾਧੀ ਮੰਨ ਲਿਆ ਜਾਂਦਾ ਸੀ। ਇੱਕ ਸੁਖਦ ਬਦਲਾਅ ਦੇ ਤੌਰ 'ਤੇ, ਮੋਦੀ ਸਰਕਾਰ ਨੇ ਆਮ ਆਦਮੀ ਲਈ ਭਰੋਸੇ ਅਤੇ ਹਮਦਰਦੀ 'ਤੇ ਅਧਾਰਿਤ ਨੀਤੀਆਂ ਬਣਾਈਆਂ ਹਨ। ਪ੍ਰਧਾਨ ਮੰਤਰੀ ਮੋਦੀ ਨੇ ਨਾਗਰਿਕਾਂ ਅਤੇ ਕਾਰੋਬਾਰਾਂ ਦਾ ਸਮਰਥਨ ਕਰਨ, ਪਾਲਣਾ ਨੂੰ ਅਸਾਨ ਬਣਾਉਣ ਅਤੇ ਕਾਰੋਬਾਰਾਂ ਨੂੰ ਦਰਪੇਸ਼ ਵਿਵਹਾਰਕ ਮੁਸ਼ਕਲਾਂ ਨੂੰ ਸਵੀਕਾਰ ਕਰਦੇ ਹੋਏ ਭਾਰਤ ਦੇ ਕਾਨੂੰਨੀ ਦ੍ਰਿਸ਼ਟੀਕੋਣ ਵਿੱਚ ਸੁਧਾਰ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਚੁੱਕੇ ਹਨ। ਭਾਵੇਂ ਪਾਲਣਾ ਬੋਝ ਘੱਟ ਕਰਨਾ ਹੋਵੇ, ਡਿਜੀਟਲੀਕਰਣ ਹੋਵੇ, ਜਾਂ ਸਿੰਗਲ-ਵਿੰਡੋ ਮਨਜ਼ੂਰੀ ਹੋਵੇ, ਕੁੱਲ ਮਿਲਾ ਕੇ ਬਦਲਾਅ ਦਾ ਮਕਸਦ ਸ਼ਾਸਨ ਨੂੰ ਵਧੇਰੇ ਤਰਕਸੰਗਤ ਅਤੇ ਕੁਸ਼ਲ ਬਣਾਉਣਾ ਰਿਹਾ ਹੈ।

ਪ੍ਰਧਾਨ ਮੰਤਰੀ ਦਾ ਭਰੋਸਾ ਅਤੇ ਹਮਦਰਦੀ 'ਤੇ ਅਧਾਰਿਤ ਸ਼ਾਸਨ ਦਾ ਮੰਤਰ ਸਪਸ਼ਟ ਤੌਰ 'ਤੇ ਜਨ ਵਿਸ਼ਵਾਸ ਐਕਟ, 2026 (Jan Vishwas Act, 2026) ਅਤੇ 2023 ਦੇ ਇਸੇ ਤਰ੍ਹਾਂ ਦੇ ਇੱਕ ਕਾਨੂੰਨ ਵਿੱਚ ਦਿਖਾਈ ਦਿੰਦਾ ਹੈ। ਨਾਗਰਿਕ- ਅਨੁਕੂਲ-ਇੱਕ ਨਾਗਰਿਕ- ਅਨੁਕੂਲ ਰੈਗੂਲੈਟਰੀ ਵਾਤਾਵਰਣ ਬਣਾਉਣਾ ਅਤੇ ਪਾਲਣਾ ਨੂੰ ਹੁਲਾਰਾ ਦੇਣ ਲਈ, ਨਵਾਂ ਕਾਨੂੰਨ ਮਾਮੂਲੀ ਅਪਰਾਧਾਂ ਨਾਲ ਨਜਿੱਠਣ ਲਈ ਸਪਸ਼ਟ ਸਿਧਾਂਤ ਅਪਣਾਉਂਦਾ ਹੈ: ਢੰਡ ਤੋਂ ਪਹਿਲਾ ਚੇਤਾਵਨੀ ਦੇਣਾ, ਅਪਰਾਧ ਦੀ ਗੰਭੀਰਤਾ ਦੇ ਅਨੁਸਾਰ ਜ਼ੁਰਮਾਨਾ ਤੈਅ ਕਰਨਾ, ਤੁਰੰਤ ਅਤੇ ਪਾਰਦਰਸ਼ੀ ਸਮਾਧਾਨ ਅਤੇ ਜ਼ੁਰਮਾਨੇ ਦਾ ਇੱਕ ਗਤੀਸ਼ੀਲ ਢਾਂਚਾ, ਜਿਸ ਵਿੱਚ ਸਮੇਂ-ਸਮੇਂ 'ਤੇ ਸੋਧ ਹੁੰਦੀ ਹੈ, ਤਾਂ ਜੋ ਨਿਯਮ ਲਾਗੂ ਕਰਨ ਦਾ ਤਰੀਕਾ ਪ੍ਰਭਾਵੀ, ਢੁਕਵਾਂ ਅਤੇ ਸਮੇਂ ਦੇ ਨਾਲ ਜਵਾਬਦੇਹ ਬਣਿਆ ਰਹੇ। ਇਹ ਰੈਗੂਲੇਟਰੀ ਦ੍ਰਿਸ਼ਟੀਕੋਣ, ਪਾਲਣਾ ਅਤੇ ਲਾਗੂ ਕਰਨ ਦੇ ਤਰੀਕੇ ਵਿੱਚ ਇੱਕ ਵੱਡਾ ਬਦਲਾਅ ਹੈ, ਜੋ ਪ੍ਰਧਾਨ ਮੰਤਰੀ ਦੇ ਇਸ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ ਕਿ ਭਾਰਤ ਦੀ 21ਵੀਂ ਸਦੀ ਦੀਆਂ ਇੱਛਾਵਾਂ ਬਸਤੀਵਾਦੀ ਰਾਜ ਦੇ ਪੁਰਾਣੇ ਤਰੀਕਿਆਂ ਰਾਹੀਂ ਪੂਰੀਆਂ ਨਹੀਂ ਹੋ ਸਕਦੀਆਂ।

ਇਸ ਸੁਧਾਰ ਦਾ ਪੈਮਾਨਾ ਬੇਮਿਸਾਲ ਹੈ। ਜਨ ਵਿਸ਼ਵਾਸ ਐਕਟ 23 ਮੰਤਰਾਲਿਆਂ ਦੇ 79 ਕੇਂਦਰੀ ਕਾਨੂੰਨਾਂ ਨਾਲ ਜੁੜੇ 784 ਉਪਬੰਧਾਂ ਦੀ ਸੋਧ ਕਰਦਾ ਹੈ। ਇਹ ਲੋਕਾਂ ਦੇ ਜੀਵਨ ਨੂੰ ਅਸਾਨ ਬਣਾਉਣ ਲਈ 717 ਉਪਬੰਧਾਂ ਨੂੰ ਅਪਰਾਧ ਤੋਂ ਮੁਕਤ ਕਰਦਾ ਹੈ ਅਤੇ 67 ਉਪਬੰਧਾਂ ਨੂੰ ਤਰਕਸੰਗਤ ਬਣਾਉਂਦਾ ਹੈ। ਇਹ ਸੁਤੰਤਰ ਭਾਰਤ ਦੇ ਵਿਧਾਨਕ ਇਤਿਹਾਸ ਵਿੱਚ ਸਭ ਤੋਂ ਵੱਡੀ ਅਪਰਾਧ ਤੋਂ ਮੁਕਤ ਪਹਿਲ ਹੈ।

ਇਹ 1,000 ਤੋਂ ਵੱਧ ਅਪਰਾਧਾਂ ਨੂੰ ਤਰਕਸੰਗਤ ਬਣਾਉਂਦਾ ਹੈ, ਪੁਰਾਣੇ ਅਤੇ ਗੈਰ-ਜ਼ਰੂਰੀ ਉਪਬੰਧਾਂ ਨੂੰ ਹਟਾਉਂਦਾ ਹੈ, ਪੁਰਾਣੇ ਬਸਤੀਵਾਦ ਯੁੱਗ ਦੇ ਅਪ੍ਰਚਲਿਤ ਅਪਰਾਧਾਂ ਨੂੰ ਖ਼ਤਮ ਕਰਦਾ ਹੈ ਅਤੇ ਅਪਰਾਧਿਕ ਅਦਾਲਤਾਂ ਦੇ ਬਾਹਰ ਫੈਸਲੇ ਅਤੇ ਅਪੀਲ ਦੀ ਵਿਵਸਥਾ ਨੂੰ ਮਜ਼ਬੂਤ ਕਰਦਾ ਹੈ। ਸਵਾਗਤਯੋਗ ਬਦਲਾਅ- ਪਹਿਲਾ, ਕਿਸੇ ਘਰ, ਇਮਾਰਤ ਜਾਂ ਵਾਹਨ ਵਿੱਚ ਸੂਰਜ ਡੁੱਬਣ ਅਤੇ ਸੂਰਜ ਚੜ੍ਹਨ ਦੇ ਵਿੱਚਕਾਰ ਮੌਜੂਦ ਹੋਣ 'ਤੇ ਕਿਸੇ ਵਿਅਕਤੀ ਨੂੰ 3 ਮਹੀਨੇ ਦੀ ਜੇਲ ਹੋ ਸਕਦੀ ਸੀ, ਜੇਕਰ ਉਹ 'ਤਸੱਲੀਬਖ਼ਸ਼ ਸਪੱਸ਼ਟੀਕਰਣ' ਨਹੀਂ ਦੇ ਪਾਉਂਦਾ ਹੋਵੇ। ਇਹ ਬਸਤੀਵਾਦ ਯੁੱਗ ਦੇ ਸ਼ੱਕ 'ਤੇ ਅਧਾਰਿਤ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ, ਜਿਸ ਵਿੱਚ ਆਮ ਗਤੀਵਿਧੀ ਨੂੰ ਵੀ ਸੰਭਾਵੀ ਅਪਰਾਧ ਮੰਨਿਆ ਜਾਂਦਾ ਸੀ। ਇਹ ਸੁਧਾਰ ਇਸ ਅਪਰਾਧ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੰਦਾ ਹੈ ਅਤੇ ਕਾਨੂੰਨ ਨੂੰ ਆਧੁਨਿਕ ਸਿਧਾਂਤਾਂ ਦੇ ਅਨੁਸਾਰ ਬਣਾਉਂਦਾ ਹੈ।

ਪਿਛਲੀ ਵਿਵਸਥਾ ਦੇ ਤਹਿਤ, ਜੇਕਰ ਕਿਸੇ ਵਿਅਕਤੀ ਦੇ ਡਰਾਈਵਿੰਗ ਲਾਈਸੈਂਸ ਦੀ ਸਮੇਂ-ਸੀਮਾ ਖ਼ਤਮ ਹੋ ਗਈ ਹੈ, ਤਾਂ ਅਗਲੇ ਹੀ ਦਿਨ ਸੜਕ 'ਤੇ ਗੱਡੀ ਚਲਾਉਣ 'ਤੇ ਉਸ 'ਤੇ ਅਪਰਾਧਿਕ ਆਰੋਪ ਲੱਗ ਜਾਂਦੇ ਸਨ। ਨਵੇਂ ਕਾਨੂੰਨ ਵਿੱਚ 30 ਦਿਨ ਦੀ ਛੋਟ ਮਿਆਦ ਦਿੱਤੀ ਗਈ ਹੈ।

ਇੱਕ ਛੋਟੇ ਨਿਰਮਾਤਾ ਦਾ ਉਦਾਹਰਣ ਲਵੋ, ਜੋ ਅਪ੍ਰੈਂਟਿਸਸ਼ਿਪ ਐਕਟ ਦੇ ਤਹਿਤ ਰਜਿਸਟ?ੇਸ਼ਨ ਦਾ ਵੇਰਵਾ ਅਪਡੇਟ ਨਹੀਂ ਕਰ ਪਾਉਂਦਾ ਹੈ। ਪਹਿਲਾ ਇਹ ਇੱਕ ਅਪਰਾਧਿਕ ਅਸਫਲਤਾ ਸੀ, ਪਰ ਹੁਣ ਸਿਰਫ



ਨਿਯਮਾਂ ਦੀ ਵਾਰ-ਵਾਰ ਪਾਲਣਾ ਨਾ ਕਰਨ 'ਤੇ ਹੀ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।

ਇਸੇ ਤਰ੍ਹਾਂ, ਪਹਿਲਾ ਕਿਸੇ ਮਾਈਨਿੰਗ ਕੰਪਨੀ ਦੇ ਦਸਤਾਵੇਜ਼ ਪ੍ਰਕਿਰਿਆ ਵਿੱਚ ਹੋਈ ਅਸਫਲਤਾ ਦੇ ਕਾਰਨ ਜੇਲ ਦੀ ਸਜ਼ਾ ਤੱਕ ਹੋ ਸਕਦੀ ਸੀ। ਅੱਜ, ਅਜਿਹੇ ਮਾਮਲਿਆਂ ਵਿੱਚ ਸਿਰਫ ਜ਼ੁਰਮਾਨਾ ਲਗਦਾ ਹੈ। ਗੈਰ-ਕਾਨੂੰਨੀ ਮਾਈਨਿੰਗਸ, ਧੋਖਾਧੜੀ, ਜਾਣਬੁੱਝ ਕੇ ਨੁਕਸਾਨ ਅਤੇ ਜਨਤਕ ਹਿਤ ਦੇ ਗੰਭੀਰ ਉਲੰਘਨਾਂ ਲਈ ਅਪਰਾਧਿਕ ਜ਼ਿੰਮੇਵਾਰੀ ਅਜੇ ਵੀ ਮੌਜੂਦ ਹੈ; ਪਰ ਕਾਗਜ਼ੀ ਕਾਰਵਾਈ ਦੀਆਂ ਕਾਮੀਆਂ ਲਈ ਨਹੀਂ।

ਸਾਰਿਆਂ ਲਈ 12 ਵਰ੍ਹਿਆਂ ਦਾ ਲਾਭ - 'ਜਨ ਵਿਸ਼ਵਾਸ' ਕਾਨੂੰਨ, ਸਾਰੇ ਨਾਗਰਿਕਾਂ ਦੇ ਜੀਵਨ ਨੂੰ ਆਸਾਨ ਬਣਾਉਣ ਦੇ ਪੀਐੱਮ ਮੋਦੀ ਦੇ ਯਤਨਾਂ ਦਾ ਪ੍ਰਤੀਕ ਹੈ। ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਸੇਵਾ ਦੇ 12 ਵਰ੍?ਆਂ ਵਿੱਚ ਅਤੇ ਉਸ ਤੋਂ ਪਹਿਲਾਂ ਗੁਜਰਾਤ ਦੇ ਮੁੱਖ ਮੰਤਰੀ ਦੇ ਤੌਰ 'ਤੇ, ਇਹ ਪੀਐੱਮ ਮੋਦੀ ਦਾ ਪ੍ਰਮੁੱਖ ਮਿਸ਼ਨ ਰਿਹਾ ਹੈ।"

ਜਨ ਵਿਸ਼ਵਾਸ 2026 ਇੱਕ ਮਹੱਤਵਪੂਰਨ ਥੰਮ?ਹ 'ਤੇ ਅਧਾਰਿਤ ਹੈ। ਭਾਰਤ ਨੇ 2023 ਵਿੱਚ ਪਹਿਲੇ ਜਨ ਵਿਸ਼ਵਾਸ ਐਕਟ ਰਾਹੀਂ 42 ਐਕਟਾਂ ਦੇ 183 ਪ੍ਰਾਵਧਾਨਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰ ਦਿੱਤਾ ਸੀ। ਇਸ ਯਤਨ ਨੇ ਦਿਖਾਇਆ ਕਿ ਨਿਯਮਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਕਮਜ਼ੋਰ ਕੀਤੇ ਬਿਨਾਂ ਗੈਰ-ਅਪਰਾਧੀਕਰਣ ਰਾਹੀਂ ਸ਼ਾਸਨ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। 2026 ਦਾ ਕਾਨੂੰਨ ਇਸ ਪ੍ਰਕਿਰਿਆ ਨੂੰ ਲਗਭਗ ਚਾਰ ਗੁਣਾ ਵਧਾ ਦਿੰਦਾ ਹੈ, ਜੋ ਇਹ ਸੰਕੇਤ ਦਿੰਦਾ ਹੈ ਕਿ ਇਹ ਕੋਈ ਇੱਕ ਵਾਰ ਦੀ ਪਹਿਲ ਨਹੀਂ ਹੈ, ਸਗੋਂ ਸੁਧਾਰ ਦੀ ਦਿਸ਼ਾ ਵਿੱਚ ਲਗਾਤਾਰ ਚੱਲਣ ਵਾਲੀ ਪਹਿਲ ਹੈ।

ਵੱਡਾ ਮਿਸ਼ਨ - ਨਵਾਂ ਕਾਨੂੰਨ ਅਸਲ ਵਿੱਚ ਪੀਐੱਮ ਮੋਦੀ ਦੇ ਉਸ ਵੱਡੇ ਮਿਸ਼ਨ ਦਾ ਹਿੱਸਾ ਹੈ, ਜਿਸ ਦੇ ਤਹਿਤ ਭਾਰਤੀਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਮਿਸ਼ਨ ਵਿੱਚ, ਪੀਐੱਮ ਨੇ ਹਰ ਨਾਗਰਿਕ ਨੂੰ ਰੋਟੀ, ਕੱਪੜਾ ਅਤੇ ਮਕਾਨ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹ ਯਕੀਨੀ ਬਣਾਇਆ ਹੈ ਕਿ ਕਲਿਆਣਕਾਰੀ ਯੋਜਨਾਵਾਂ ਦਾ ਪੈਸਾ ਸਿੱਧਾ ਲਾਭਪਾਤਰੀਆਂ ਤੱਕ ਪਹੁੰਚੇ। ਇਹ ਕਾਂਗਰਸ ਦੇ ਸ਼ਾਸਨਕਾਲ ਤੋਂ ਬਿਲਕੁਲ ਵੱਖਰਾ ਹੈ, ਜਦੋਂ ਤਤਕਾਲੀ ਪੀਐੱਮ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਕਲਿਆਣਕਾਰੀ ਯੋਜਨਾਵਾਂ 'ਤੇ ਖਰਚ ਕੀਤੇ ਗਏ ਪੈਸੇ ਦਾ ਸਿਰਫ਼ 15% ਹੀ ਅਸਲ ਵਿੱਚ ਗਰੀਬਾਂ ਤੱਕ ਪਹੁੰਚਦਾ ਹੈ। ਘੱਟ ਗੰਭੀਰਤਾ ਵਾਲੇ ਅਪਰਾਧਿਕ ਪ੍ਰਾਵਧਾਨਾਂ ਦੀ ਜਗ?ਹਾ ਪ੍ਰਸ਼ਾਸਨਿਕ ਅਤੇ ਆਰਥਿਕ ਵਿਵਸਥਾਵਾਂ ਲਿਆਉਣਾ, ਨਾ ਸਿਰਫ਼ ਆਮ ਨਾਗਰਿਕ ਲਈ ਇੱਕ ਸਵਾਗਤਯੋਗ ਕਦਮ ਹੈ, ਸਗੋਂ ਇਹ ਛੋਟੇ ਕਾਰੋਬਾਰਾਂ ਦੀ ਵੀ ਮਦਦ ਕਰਦਾ ਹੈ। ਇਸ ਨਾਲ ਲਾਗੂ ਕਰਨ ਵਾਲੀਆਂ ਏਜੰਸੀਆਂ ਰੋਜ਼ਾਨਾ ਦੀਆਂ ਤਕਨੀਕੀ ਗਲਤੀਆਂ ਦੀ ਬਜਾਏ ਗੰਭੀਰ ਉਲੰਘਣਾਵਾਂ 'ਤੇ ਧਿਆਨ ਕੇਂਦ੍ਰਿਤ ਕਰ ਸਕਦੀਆਂ ਹਨ। ਅਦਾਲਤਾਂ ਉਨ੍ਹਾਂ ਮਾਮਲਿਆਂ 'ਤੇ ਧਿਆਨ ਦੇ ਸਕਦੀਆਂ ਹਨ, ਜਿਨ੍ਹਾਂ ਵਿੱਚ ਸੱਚਮੁੱਚ ਨਿਆਂਇਕ ਦਖਲਅੰਦਾਜ਼ੀ ਦੀ ਜ਼ਰੂਰਤ ਹੈ।

ਅਰਥਵਿਵਸਥਾ ਅਤੇ ਨਿਵੇਸ਼ - ਇਸ ਦੇ ਫਾਇਦੇ ਸਿਰਫ਼ ਸ਼ਾਸਨ ਤੱਕ ਹੀ ਸੀਮਿਤ ਨਹੀਂ ਹਨ। ਤੇਜ਼ੀ ਨਾਲ ਮੁਕਾਬਲੇਬਾਜੀ ਹੁੰਦੀ ਗਲੋਬਲ ਅਰਥਵਿਵਸਥਾ ਵਿੱਚ, ਨਿਯਮਾਂ ਦੀ ਭਰੋਸੇਯੋਗਤਾ ਮਾਇਨੇ ਰੱਖਦੀ ਹੈ।

ਵਰ੍ਹਿਆਂ ਤੱਕ, ਤਕਨੀਕੀ ਗਲਤੀ ਲਈ ਅਪਰਾਧਿਕ ਮੁਕੱਦਮੇ ਦੇ ਡਰ ਨੂੰ ਨਿਵੇਸ਼ ਦੇ ਸਭ ਤੋਂ ਵੱਡੀਆਂ ਰੁਕਾਵਟਾਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ। ਭਾਰਤ ਵਿੱਚ 2014 ਤੋਂ 2025 ਦਰਮਿਆਨ ਐੱਫਡੀਆਈ ਵਿੱਚ 143 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਐੱਫਡੀਆਈ ਵਧਣ ਦਾ ਇਹ ਰੁਝਾਨ ਜਾਰੀ ਹੈ। ਇਸ ਵਿਕਾਸ ਵਿੱਚ ਰੈਗੂਲੇਟਰੀ ਸੁਧਾਰ ਦੀ ਮਹੱਤਵਪੂਰਨ ਭੂਮਿਕਾ ਹੈ। 'ਜਨ ਵਿਸ਼ਵਾਸ 2026' ਦਾ ਉਦੇਸ਼ ਭਾਰਤ ਨੂੰ ਨਿਵੇਸ਼ ਅਤੇ ਕਾਰੋਬਾਰ ਲਈ ਵਧੇਰੇ ਭਰੋਸੇਮੰਦ ਅਤੇ ਅਨੁਮਾਨ ਲਗਾਉਣ ਯੋਗ ਮੰਜ਼ਿਲ ਬਣਾ ਕੇ ਇਸ ਰਫ਼ਤਾਰ ਨੂੰ ਹੋਰ ਤੇਜ਼ ਕਰਨਾ ਹੈ।

ਇਸ ਸੁਧਾਰ ਨਾਲ ਨਿਆਂ ਪ੍ਰਣਾਲੀ ਨੂੰ ਵੀ ਰਾਹਤ ਮਿਲੇਗੀ। 5.5 ਕਰੋੜ ਤੋਂ ਵੱਧ ਪੈਂਡਿੰਗ ਮਾਮਲਿਆਂ— ਜਿਨ੍ਹਾਂ ਵਿੱਚ ਜ਼ਿਲ੍ਹਾ ਅਤੇ ਹੇਠਲੀਆਂ ਅਦਾਲਤਾਂ ਦੇ ਲਗਭਗ 4.9 ਕਰੋੜ ਮਾਮਲੇ ਸ਼ਾਮਲ ਹਨ— ਵਿੱਚੋਂ ਕਈ ਛੋਟੇ-ਮੋਟੇ ਨਿਯਮਾਂ ਦੀ ਉਲੰਘਣਾ ਨਾਲ ਜੁੜੇ ਹੋਏ ਹਨ, ਜਿਨ੍ਹਾਂ ਨੂੰ ਹੁਣ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰ ਦਿੱਤਾ ਗਿਆ ਹੈ। ਅਜਿਹੇ ਮਾਮਲਿਆਂ ਨੂੰ ਪ੍ਰਸ਼ਾਸਨਿਕ ਫੈਸਲੇ ਲਈ ਭੇਜਣਾ ਸਿਰਫ਼ ਇੱਕ ਕਾਰੋਬਾਰੀ ਸੁਧਾਰ ਨਹੀਂ ਹੈ, ਸਗੋਂ ਇੱਕ ਨਿਆਂਇਕ ਸੁਧਾਰ ਵੀ ਹੈ; ਇਸ ਨਾਲ ਅਦਾਲਤਾਂ ਨੂੰ ਆਪਣੇ ਸੀਮਤ ਸਮੇਂ ਅਤੇ ਸੰਸਾਧਨਾਂ ਨੂੰ ਗੰਭੀਰ ਵਿਵਾਦਾਂ ਅਤੇ ਨਿਆਂ ਨਾਲ ਜੁੜੇ ਅਹਿਮ ਸਵਾਲਾਂ 'ਤੇ ਕੇਂਦ੍ਰਿਤ ਕਰਨ ਦਾ ਮੌਕਾ ਮਿਲਦਾ ਹੈ। ਗੰਭੀਰ ਉਲੰਘਣਾਵਾਂ ਲਈ ਸਖ਼ਤ ਕਾਰਵਾਈ ਜਾਰੀ ਰਹੇਗੀ। ਜਿੱਥੇ ਸਖ਼ਤੀ ਜ਼ਰੂਰੀ ਹੈ, ਉੱਥੇ ਕਾਨੂੰਨ ਪੂਰੀ ਤਰ੍ਹਾਂ ਸਖ਼ਤ ਬਣਿਆ ਰਹੇਗਾ। ਬਦਲਾਅ ਸਿਰਫ਼ ਦ੍ਰਿਸ਼ਟੀਕੋਣ ਵਿੱਚ ਆਇਆ ਹੈ। ਸ਼ਾਸਨ ਹੁਣ ਸ਼ੱਕ ਤੋਂ ਭਰੋਸੇ, ਮੁਕੱਦਮੇ ਤੋਂ ਸੁਧਾਰ ਅਤੇ ਡਰ ਤੋਂ ਆਜ਼ਾਦੀ ਵੱਲ ਵਧ ਰਿਹਾ ਹੈ।



ਪੀਯੂਸ਼ ਗੋਇਲ
(ਲੇਖਕ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਹਨ)

# ਲੋਕਤੰਤਰ ਅਮਰ ਰਹੇ: ਸੁਤੰਤਰਤਾ ਨੂੰ ਯਾਦ ਰੱਖਣਾ ਕਿਉਂ ਮਹੱਤਵਪੂਰਨ ਹੈ

ਜ਼ਿਕਰ ਪੰਜਾਬ

ਐਮਰਜੈਂਸੀ ਲਾਗੂ ਹੋਣ ਦੇ ਪੰਜਾਹ ਵਰ੍?ਆ ਬਾਅਦ ਵੀ, ਦੇਸ਼ ਉਸ ਦੌਰ 'ਤੇ ਵਿਚਾਰ ਕਰ ਰਿਹਾ ਹੈ ਜਿਸ ਨੂੰ ਭਾਰਤ ਦੇ ਲੋਕਤੰਤਰੀ ਇਤਿਹਾਸ ਦੇ ਸਭ ਤੋਂ ਕਾਲੇ ਅਧਿਆਵਾਂ ਵਿੱਚੋਂ ਇੱਕ ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ। ਸੰਵਿਧਾਨ ਹੱਤਿਆ ਦਿਵਸ - (ਲੋਕਤੰਤਰ ਅਮਰ ਰਹੇ) ਦੇ ਰਾਸ਼ਟਰੀ ਯਾਦਗਾਰੀ ਸਮਾਰੋਹ ਦੇ ਸਮਾਪਤੀ ਸਮਾਗਮ ਨੂੰ ਆਯੋਜਿਤ ਕਰਨ ਦਾ ਉਦੇਸ਼ ਸਿਰਫ਼ ਇਤਿਹਾਸ ਨੂੰ ਯਾਦ ਕਰਨਾ ਨਹੀਂ ਹੈ, ਸਗੋਂ ਉਨ੍ਹਾਂ ਸਦੀਵੀ ਕਦਰਾਂ-ਕੀਮਤਾਂ 'ਤੇ ਵਿਚਾਰ ਕਰਨਾ ਹੈ ਜੋ ਸਾਡੇ ਗਣਤੰਤਰ ਨੂੰ ਕਾਇਮ ਰੱਖਦੀਆਂ ਹਨ। ਡਾ. ਬੀ.ਆਰ. ਅੰਬੇਡਕਰ ਨੇ ਇੱਕ ਵਾਰ ਕਿਹਾ ਸੀ: "ਸੰਵਿਧਾਨ ਸਿਰਫ਼ ਵਕੀਲਾਂ ਦਾ ਦਸਤਾਵੇਜ਼ ਨਹੀਂ ਹੈ, ਇਹ ਜੀਵਨ ਦਾ ਇੱਕ ਮਾਧਿਅਮ ਹੈ ਅਤੇ ਇਸ ਦੀ ਭਾਵਨਾ ਹਮੇਸ਼ਾ ਯੁੱਗ ਦੀ ਭਾਵਨਾ ਹੁੰਦੀ ਹੈ। ਸਾਡੀ ਸੰਵਿਧਾਨਕ ਯਾਤਰਾ ਦੇ ਸਾਰ ਨੂੰ ਇਨ੍ਹਾਂ ਸ਼ਬਦਾਂ ਤੋਂ ਵੱਧ ਸਸ਼ਕਤ ਤੌਰ 'ਤੇ ਬਿਆਨ ਕਰਨਾ ਮੁਸ਼ਕਲ ਹੈ। ਸੰਵਿਧਾਨ ਸਿਰਫ਼ ਇੱਕ ਕਾਨੂੰਨੀ ਢਾਂਚਾ ਨਹੀਂ ਹੈ ਜੋ ਰਾਜ ਦੇ ਮਾਮਲਿਆਂ ਨੂੰ ਕੰਟਰੋਲ ਕਰਦਾ ਹੈ। ਇਹ ਨਾਗਰਿਕਾਂ ਅਤੇ ਸੰਸਥਾਵਾਂ ਵਿਚਕਾਰ, ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਵਿਚਕਾਰ, ਸੁਤੰਤਰਤਾ ਅਤੇ ਜਵਾਬਦੇਹੀ ਵਿਚਕਾਰ ਇੱਕ ਜੀਵੰਤ ਸਮਝੌਤਾ ਹੈ।

**ਲੋਕਤੰਤਰ ਨੂੰ ਸੁਰੱਖਿਅਤ ਰੱਖਣ ਲਈ ਉਸ ਨੂੰ ਯਾਦ ਰੱਖਣਾ ਜ਼ਰੂਰੀ ਹੈ।**

ਭਾਰਤ ਦੀ ਲੋਕਤੰਤਰੀ ਭਾਵਨਾ ਸਾਡੀਆਂ ਸੱਭਿਆਚਾਰਕ ਪਰੰਪਰਾਵਾਂ ਵਿੱਚ ਡੂੰਘਾਈ ਨਾਲ ਸ਼ਾਮਲ ਹੈ। ਸਦੀਆਂ ਤੋਂ, ਸਾਡੇ ਸਮਾਜ ਨੇ ਸਲਾਹ-ਮਸ਼ਵਰੇ, ਸਮੂਹਿਕ ਵਿਚਾਰ-ਵਟਾਂਦਰੇ ਅਤੇ ਜਨ-ਭਾਗੀਦਾਰੀ ਦੀਆਂ ਸੰਸਥਾਵਾਂ ਦਾ ਪੋਸ਼ਣ ਕੀਤਾ ਹੈ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਭਾਰਤ ਨੂੰ ਲੋਕਤੰਤਰ ਵਿਰਾਸਤ ਵਿੱਚ ਨਹੀਂ ਮਿਲਿਆ, ਸਗੋਂ ਇਸ ਨੇ ਲੋਕਤੰਤਰ ਦਾ ਪੋਸ਼ਣ ਕੀਤਾ ਹੈ। ਪ੍ਰਾਚੀਨ ਸਭਾਵਾਂ ਅਤੇ ਕਮੇਟੀਆਂ ਤੋਂ ਲੈ ਕੇ ਸੁਤੰਤਰਤਾ ਤੋਂ ਬਾਅਦ ਦੀ ਸੰਸਦੀ ਪ੍ਰਣਾਲੀ ਤੱਕ, ਅਸੀਂ ਹਮੇਸ਼ਾ ਜਨਤਾ ਦੀ ਸਮੂਹਿਕ ਇੱਛਾ ਵਿੱਚ ਵਿਸ਼ਵਾਸ ਕੀਤਾ ਹੈ।

ਸੰਵਿਧਾਨ ਨੇ ਇਨ੍ਹਾਂ ਪਰੰਪਰਾਵਾਂ ਨੂੰ ਆਧੁਨਿਕ ਲੋਕਤੰਤਰੀ ਢਾਂਚੇ ਵਿੱਚ ਬਦਲਿਆ, ਨਾਲ ਹੀ ਉਨ੍ਹਾਂ ਕਦਰਾਂ-ਕੀਮਤਾਂ ਨੂੰ ਵੀ ਸੁਰੱਖਿਅਤ ਰੱਖਿਆ ਜਿਨ੍ਹਾਂ ਨੇ ਪੀੜ੍ਹੀਆਂ ਤੋਂ ਇਨ੍ਹਾਂ ਨੂੰ ਕਾਇਮ ਰੱਖਿਆ ਸੀ। ਪ੍ਰਸਤਾਵਨਾ ਅੱਜ ਵੀ ਸਾਡਾ ਸੰਵਿਧਾਨਕ ਮਾਰਗਦਰਸ਼ਕ ਹੈ। ਨਿਆਂ, ਸੁਤੰਤਰਤਾ, ਸਮਾਨਤਾ, ਭਾਈਚਾਰਾ। ਇਹ ਸਿਰਫ਼ ਸੰਵਿਧਾਨਕ ਆਦਰਸ਼ ਨਹੀਂ ਹਨ, ਸਗੋਂ ਰਾਸ਼ਟਰੀ ਇੱਛਾਵਾਂ ਹਨ। ਇਹ ਜਨਤਕ ਨੀਤੀਆਂ ਦਾ ਮਾਰਗਦਰਸ਼ਨ ਕਰਦੇ ਹਨ, ਸੰਸਥਾਵਾਂ ਨੂੰ ਆਕਾਰ ਦਿੰਦੇ ਹਨ ਅਤੇ ਰਾਜ ਅਤੇ ਨਾਗਰਿਕ ਵਿਚਕਾਰ ਸਬੰਧਾਂ ਨੂੰ ਪਰਿਭਾਸ਼ਿਤ ਕਰਦੇ ਹਨ। ਨਾਲ ਹੀ, ਇਤਿਹਾਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਲੋਕਤੰਤਰ ਨੂੰ ਕਦੇ ਵੀ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ। 1975-77 ਦੀ ਐਮਰਜੈਂਸੀ ਸੁਤੰਤਰ ਭਾਰਤ ਦੇ ਸਾਹਮਣੇ ਆਈਆਂ ਸਭ ਤੋਂ ਮਹੱਤਵਪੂਰਨ ਪ੍ਰੀਖਿਆਵਾਂ ਵਿੱਚੋਂ ਇੱਕ ਸੀ। ਇਸ ਨੇ ਦਿਖਾਇਆ ਕਿ ਸੰਵਿਧਾਨਕ ਸੁਰੱਖਿਆ ਉਪਾਵਾਂ ਦੇ ਕਮਜ਼ੋਰ ਹੋਣ ਅਤੇ ਜਨਤਾ ਦੀ ਸੁਤੰਤਰਤਾ 'ਤੇ ਪਾਬੰਦੀਆਂ ਲੱਗਣ 'ਤੇ ਲੋਕਤੰਤਰੀ ਸੰਸਥਾਵਾਂ ਕਿਸ ਤਰ੍ਹਾਂ ਦਬਾਅ ਵਿੱਚ ਆ ਸਕਦੀਆਂ ਹਨ। ਉਸ ਦੌਰ ਦਾ ਪ੍ਰਭਾਵ ਰਾਜਨੀਤਿਕ ਜੀਵਨ ਨਾਲੋਂ ਕਿਤੇ ਵੱਧ ਵਿਆਪਕ ਸੀ। ਉਸ ਨੇ ਦੇਸ਼ ਭਰ ਦੇ ਨਾਗਰਿਕਾਂ ਦੇ ਰੋਜ਼ਾਨਾ ਦੇ ਤਜ਼ਰਬਿਆਂ ਨੂੰ ਪ੍ਰਭਾਵਿਤ ਕੀਤਾ। ਇਸ ਦੀ ਮਨੁੱਖੀ ਕੀਮਤ ਬਹੁਤ ਡੂੰਘੀ ਸੀ। ਭਾਰਤ ਦੀ ਜਨਤਾ ਨੇ ਸੰਵਿਧਾਨਕ ਪ੍ਰਕਿਰਿਆਵਾਂ ਵਿੱਚ ਬੇਮਿਸਾਲ ਵਿਸ਼ਵਾਸ ਦਿਖਾਇਆ। ਲੋਕਤੰਤਰੀ ਪ੍ਰਕਿਰਿਆਵਾਂ ਨੇ ਆਖਰਕਾਰ ਲੋਕਤੰਤਰ ਦੀਆਂ ਖਾਮੀਆਂ ਨੂੰ ਦੂਰ ਕੀਤਾ। ਸ਼ਾਂਤੀਪੂਰਨ ਭਾਗੀਦਾਰੀ ਅਤੇ ਵੋਟਿੰਗ ਦੇ ਮਾਧਿਅਮ ਰਾਹੀਂ ਨਾਗਰਿਕਾਂ ਨੇ ਇਸ ਸਿਧਾਂਤ ਦੀ ਪੁਸ਼ਟੀ ਕੀਤੀ ਕਿ ਪ੍ਰਭੂਸੱਤਾ ਜਨਤਾ ਵਿੱਚ ਸ਼ਾਮਲ ਹੈ। ਇਹ ਭਾਰਤੀ ਲੋਕਤੰਤਰ ਦੀਆਂ ਸਭ ਤੋਂ ਵੱਡੀਆਂ ਸ਼ਕਤੀਆਂ ਵਿੱਚੋਂ ਇੱਕ ਹੈ - ਚੁਣੌਤੀਆਂ ਦੇ ਦੌਰ ਤੋਂ ਸਿੱਖਣ, ਅਨੁਕੂਲ ਕਰਨ, ਆਤਮ-ਸੁਧਾਰ ਕਰਨ ਅਤੇ ਮਜ਼ਬੂਤ ਹੋ ਕੇ ਉੱਭਰਨ ਦੀ ਸਮਰੱਥਾ। ਸਮਕਾਲੀ ਯੁੱਗ ਵਿੱਚ, ਸੁਤੰਤਰਤਾ ਦੇ ਲਗਭਗ ਅੱਠ ਦਹਾਕਿਆਂ ਬਾਅਦ, ਲੋਕਤੰਤਰ ਦਾ ਅਰਥ ਲਗਾਤਾਰ ਵਿਕਸਿਤ ਹੋ ਰਿਹਾ ਹੈ। ਨਾਗਰਿਕ ਨਾ ਸਿਰਫ਼ ਪ੍ਰਤੀਨਿਧਤਾ, ਸਗੋਂ ਭਾਗੀਦਾਰੀ ਵੀ ਚਾਹੁੰਦੇ ਹਨ। ਉਹ ਨਾ ਸਿਰਫ਼ ਅਧਿਕਾਰ, ਸਗੋਂ ਜਵਾਬਦੇਹ ਸ਼ਾਸਨ ਵਿਵਸਥਾ ਵੀ ਚਾਹੁੰਦੇ ਹਨ: ਵਿੱਤੀ ਸਮਾਵੇਸ਼, ਜ਼ਮੀਨੀ ਪੱਧਰ 'ਤੇ ਭਾਗੀਦਾਰੀ ਅਤੇ ਨਾਗਰਿਕ-ਕੇਂਦ੍ਰਿਤ ਸ਼ਾਸਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਯੋਜਨਾਵਾਂ ਨੇ ਲੋਕਤੰਤਰੀ ਸੰਸਥਾਵਾਂ ਦੀ ਪਹੁੰਚ ਨੂੰ ਵਿਆਪਕ ਬਣਾਇਆ ਹੈ। ਇਸ ਦੇ ਨਾਲ ਹੀ, ਨਾਗਰਿਕਤਾ ਦੀ ਜ਼ਿੰਮੇਵਾਰੀ ਹੋਰ ਵੀ ਮਹੱਤਵਪੂਰਨ ਹੋ ਗਈ ਹੈ। ਇੱਕ ਸਸ਼ਕਤ ਲੋਕਤੰਤਰ ਜਾਗਰੂਕ ਨਾਗਰਿਕਾਂ 'ਤੇ ਨਿਰਭਰ ਕਰਦਾ ਹੈ।



ਸ਼੍ਰੀ ਗਜੇਂਦਰ ਸਿੰਘ ਸ਼ੇਖਾਵਤ

**ਜਨ-ਇਤਿਹਾਸਾਂ ਦਾ ਪੁਨਰ-ਉਥਾਨ ਅਤੇ ਸੁਤੰਤਰਤਾ ਦੀਆਂ ਜੀਵੰਤ ਗਾਥਾਵਾਂ**

ਇਸ ਸਮਾਪਤੀ ਸਮਾਰੋਹ ਦੇ ਹਿੱਸੇ ਇੱਕ ਜੀਵੰਤ ਅਤੇ ਵਿਕਸਿਤ ਹੁੰਦੇ ਰਾਸ਼ਟਰੀ ਅਨੁਭਵ ਦੇ ਰੂਪ ਵਿੱਚ ਲੋਕਤੰਤਰ ਦੀ ਵਿਆਪਕ ਸਮਝ ਨੂੰ ਦਰਸਾਉਂਦੇ ਹਨ। ਡਿਜੀਟਲ ਡਿਸਟ੍ਰਿਕਟ ਰਿਪੋਜ਼ਟਰੀ (ਡੀਡੀਆਰ) ਸਾਲ 2021 ਵਿੱਚ 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ' (ਏਕੇਏਐੱਮ) ਦੇ ਮੌਕੇ 'ਤੇ ਸ਼ੁਰੂ ਕੀਤੀ ਗਈ ਇੱਕ ਮੋਹਰੀ ਪਹਿਲਕਦਮੀ ਹੈ। ਡੀਡੀਆਰ ਪਹਿਲਕਦਮੀ 'ਤੇ ਪ੍ਰਦਰਸ਼ਨੀ ਦਾ ਉਦੇਸ਼ ਦੇਸ਼ ਦੇ ਕੋਨੇ-ਕੋਨੇ ਤੋਂ ਕੁਰਬਾਨੀ, ਸਾਹਸ ਅਤੇ ਜਨ-ਭਾਗੀਦਾਰੀ ਦੀਆਂ ਸੈਂਕੜੇ ਅਣਸੁਣੀਆਂ ਕਹਾਣੀਆਂ ਨੂੰ ਸਾਹਮਣੇ ਲਿਆਉਣਾ ਹੈ। ਸੱਭਿਆਚਾਰ ਮੰਤਰਾਲੇ ਨੇ ਸਾਡੇ ਸੁਤੰਤਰਤਾ ਸੰਗਰਾਮ ਦੀਆਂ ਇਨ੍ਹਾਂ ਅਣਸੁਣੀਆਂ ਕਹਾਣੀਆਂ ਨਾਲ ਸਬੰਧਿਤ 10 ਲਘੂ ਫ਼?ਲਮਾਂ (ਛੋਟੀਆਂ ਫ਼ਿਲਮਾਂ) ਵੀ ਬਣਾਈਆਂ ਹਨ। ਇਸ ਮੌਕੇ 'ਤੇ, ਸਾਨੂੰ ਦੋ ਅਜਿਹੇ ਜੀਵੰਤ ਸੁਤੰਤਰਤਾ ਸੈਨਾਨੀਆਂ ਦੇ ਨਾਲ ਮੌਜੂਦ ਹੋਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ ਜੋ ਸਾਹਸ, ਤਿਆਗ ਅਤੇ ਸੇਵਾ ਦੇ ਜਿਉਂਦੇ-ਜਾਗਦੇ ਪ੍ਰਤੀਕ ਹਨ - ਮਹਾਰਾਸ਼ਟਰ ਦੇ ਸ਼੍ਰੀ ਸ਼ੇਸ਼ਰਾਓ ਲਕਸ਼ਮਣਰਾਓ ਖੋਟ, ਜਿਨ੍ਹਾਂ ਨੇ ਇੱਕ ਨੌਜਵਾਨ ਵਿਦਿਆਰਥੀ ਵਜੋਂ ਹੈਦਰਾਬਾਦ ਮੁਕਤੀ ਅੰਦੋਲਨ ਵਿੱਚ ਹਿੱਸਾ ਲਿਆ ਸੀ; ਅਤੇ ਆਂਧਰ ਪ੍ਰਦੇਸ਼ ਦੇ ਸ਼੍ਰੀ ਐੱਡੂਲਾ ਸੂਰਿਆਨਾਰਾਇਣ ਰੈੱਡੀ, ਜਿਨ੍ਹਾਂ ਨੇ ਬਚਪਨ ਤੋਂ ਹੀ ਸੁਤੰਤਰਤਾ ਅੰਦੋਲਨ ਦਾ ਸਮਰਥਨ ਕੀਤਾ ਅਤੇ ਗਿਆਰਾਂ ਸਾਲ ਦੀ ਉਮਰ ਵਿੱਚ ਪੁਲਿਸ ਵੱਲੋਂ ਹਿਰਾਸਤ ਵਿੱਚ ਲਏ ਗਏ ਸਨ। ਉਨ੍ਹਾਂ ਦੀ ਮੌਜੂਦਗੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਸੁਤੰਤਰਤਾ ਕੋਈ ਦੂਰ ਦਾ ਇਤਿਹਾਸ ਨਹੀਂ ਸਗੋਂ ਇੱਕ ਜੀਵੰਤ ਯਾਦ ਹੈ।

**ਵਿਰਾਸਤ ਅਤੇ ਸੱਭਿਆਚਾਰਕ ਨਿਰੰਤਰਤਾ**

ਇਸ ਦੇ ਨਾਲ ਹੀ ਵਿਰਾਸਤ' ਦਾ 11ਵਾਂ ਸੰਸਕਰਣ ਉਨ੍ਹਾਂ ਸੱਭਿਆਚਾਰਕ ਪਰੰਪਰਾਵਾਂ, ਕਲਾਤਮਕ ਪ੍ਰਗਟਾਵਿਆਂ ਅਤੇ ਸਾਂਝੀ ਧਰੋਹਰ ਦਾ ਜਸ਼ਨ ਮਨਾਉਂਦਾ ਹੈ, ਜਿਨ੍ਹਾਂ ਨੇ ਪੀੜ੍ਹੀਆਂ ਤੋਂ ਸੰਵਾਦ, ਵਿਭਿੰਨਤਾ ਅਤੇ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕੀਤਾ ਹੈ। ਇਹ ਸੁਤੰਤਰਤਾ ਸੈਨਾਨੀ, ਸੱਭਿਆਚਾਰਕ ਦੂਰਦਰਸ਼ੀ ਅਤੇ ਸੰਸਥਾ ਨਿਰਮਾਤਾ ਕਮਲਾਦੇਵੀ ਚੱਟੋਪਾਧਿਆਏ ਦੀ ਯਾਦ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ। ਸ਼ਾਸਤਰੀ ਪੇਸ਼ਕਾਰੀਆਂ ਉਨ੍ਹਾਂ ਸੰਗੀਤ ਪਰੰਪਰਾਵਾਂ 'ਤੇ ਅਧਾਰਿਤ ਹਨ ਜੋ ਪੀੜ੍ਹੀਆਂ, ਖੇਤਰਾਂ ਅਤੇ ਵਿਚਾਰਧਾਰਾਵਾਂ ਵਿਚਕਾਰ ਸਦੀਆਂ ਤੋਂ ਚੱਲੇ ਆ ਰਹੇ ਸੰਵਾਦ ਦੇ ਮਾਧਿਅਮ ਰਾਹੀਂ ਵਿਕਸਿਤ ਹੋਈਆਂ ਹਨ। ਭਾਰਤੀ ਸ਼ਾਸਤਰੀ ਸੰਗੀਤ ਆਪਣੇ ਆਪ ਵਿੱਚ ਨਿਰੰਤਰਤਾ, ਵਿਭਿੰਨਤਾ, ਅਨੁਸ਼ਾਸਨ ਅਤੇ ਰਚਨਾਤਮਕ ਸੁਤੰਤਰਤਾ ਦੀਆਂ ਕਦਰਾਂ-ਕੀਮਤਾਂ ਦਾ ਪ੍ਰਮਾਣ ਹੈ, ਇਹ ਅਜਿਹੀਆਂ ਕਦਰਾਂ-ਕੀਮਤਾਂ ਹਨ ਜੋ ਇੱਕ ਜੀਵੰਤ ਲੋਕਤੰਤਰ ਲਈ ਬਰਾਬਰ ਰੂਪ ਵਿੱਚ ਜ਼ਰੂਰੀ ਹਨ।

**ਐਨਾਜੋਰੀ:** ਲੋਕਨਾਦ-ਜਨਜਾਤੀ ਸਮਰਸਤਾ ਕਾ ਸਵਰ-ਸੰਗਮ' ਨਾਮਕ ਪੇਸ਼ਕਾਰੀ ਅਸਾਮ ਅਤੇ ਉੱਤਰ-ਪੂਰਬੀ ਭਾਰਤ ਦੀਆਂ ਸਮ੍ਰਿੱਧ ਸੱਭਿਆਚਾਰਕ ਪਰੰਪਰਾਵਾਂ ਦਾ ਜਸ਼ਨ ਮਨਾਉਂਦੀ ਹੈ। ਵੱਖ-ਵੱਖ ਭਾਈਚਾਰਿਆਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਸੰਗੀਤ ਅਤੇ ਨ੍ਰਿਤ ਪਰੰਪਰਾਵਾਂ ਦੇ ਮਾਧਿਅਮ ਰਾਹੀਂ, ਇਹ ਖ਼ੂਬਸੂਰਤੀ ਨਾਲ ਵਿਭਿੰਨਤਾ ਵਿੱਚ ਏਕਤਾ ਦੇ ਵਿਚਾਰ ਨੂੰ ਪ੍ਰਦਰਸ਼ਿਤ ਕਰਦੀ ਹੈ, ਜੋ ਕਿ ਸਾਡੇ ਗਣਤੰਤਰ ਦੇ ਬੁਨਿਆਦੀ ਸਿਧਾਂਤਾਂ ਵਿੱਚੋਂ ਇੱਕ ਹੈ। ਇਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਭਾਰਤ ਦੀ ਸ਼ਕਤੀ ਕਈ ਪਛਾਣਾਂ ਨੂੰ ਆਪਣੇ ਵਿੱਚ ਸਮੇਟਣ ਦੀ ਉਸ ਦੀ ਸਮਰੱਥਾ ਵਿੱਚ ਸ਼ਾਮਲ ਹੈ। ਇਹ ਗੁਰੂਕੁਲ ਪ੍ਰਣਾਲੀ ਦੀ ਸਦੀਆਂ ਪੁਰਾਣੀ ਪਰੰਪਰਾ ਤੋਂ ਪ੍ਰੇਰਿਤ ਹੈ। ਜਿਸ ਤਰ੍ਹਾਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਾਉਣਾ ਜ਼ਰੂਰੀ ਹੈ, ਉਸੇ ਤਰ੍ਹਾਂ ਸੱਭਿਆਚਾਰਕ ਪਰੰਪਰਾਵਾਂ ਨੂੰ ਵੀ ਅਜਿਹੇ ਸੰਸਥਾਨਾਂ ਦੀ ਜ਼ਰੂਰਤ ਹੁੰਦੀ ਹੈ ਜੋ ਉਨ੍ਹਾਂ ਨੂੰ ਸੁਰੱਖਿਅਤ ਅਤੇ ਨਵਿਆ ਸਕਣ। ਇਸੇ ਸਿਧਾਂਤ ਦੇ ਅਨੁਕੂਲ, ਸੇਵਾ ਪਰਵ ਇਹ ਦਰਸਾਉਂਦਾ ਹੈ ਕਿ ਸੱਭਿਆਚਾਰਕ ਪ੍ਰਗਟਾਵੇ ਅੱਜ ਵੀ ਲੋਕਾਂ ਦੀ ਚੇਤਨਾ ਅਤੇ ਨਾਗਰਿਕ ਭਾਵਨਾ 'ਤੇ ਪ੍ਰਭਾਵ ਪਾਉਂਦੇ ਹਨ। ਸੰਵਿਧਾਨ ਹੱਤਿਆ ਦਿਵਸ ਦੇ ਮੌਕੇ 'ਤੇ ਆਯੋਜਿਤ ਸਾਰੇ ਹਿੱਸੇਦਾਰ ਮਿਲ ਕੇ ਇੱਕ ਸਾਂਝਾ ਸੁਨੇਹਾ ਦਿੰਦੇ ਹਨ। ਇਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਲੋਕਤੰਤਰ ਸਿਰਫ਼ ਇੱਕ ਰਾਜਨੀਤਿਕ ਪ੍ਰਣਾਲੀ ਹੀ ਨਹੀਂ ਹੈ, ਸਗੋਂ ਇੱਕ ਜੀਵੰਤ ਪਰੰਪਰਾ ਹੈ। ਇਹ ਜਨਤਕ ਭਾਗੀਦਾਰੀ ਤੋਂ ਪੋਸ਼ਿਤ ਹੁੰਦਾ ਹੈ ਅਤੇ ਜਾਗਰੂਕ ਅਤੇ ਸੁਚੇਤ ਨਾਗਰਿਕਾਂ ਦੁਆਰਾ ਸੁਰੱਖਿਅਤ ਹੈ। ?2047 ਵਿੱਚ ਸੁਤੰਤਰਤਾ ਸ਼ਤਾਬਦੀ ਵੱਲ ਵਧਦੇ ਹੋਏ, ਆਓ ਅਸੀਂ ਇਸ ਭਾਵਨਾ ਨੂੰ ਨਵੇਂ ਸਿਰ੍ਹੇ ਤੋਂ ਵਚਨਬੱਧਤਾ ਦੇ ਨਾਲ ਅੱਗੇ ਵਧਾਈਏ!

**(ਲੇਖਕ ਕੇਂਦਰੀ ਸੱਭਿਆਚਾਰ ਅਤੇ ਟੂਰਿਜ਼ਮ ਮੰਤਰੀ ਹਨ।)**

# ਐਨਸੀਸੀ ਗਰੁੱਪ ਕਮਾਂਡਰ ਨੇ ਸੀਏਟੀਸੀ-62-ਕਮ-ਡਰੋਨ ਸਿਖਲਾਈ ਕੈਂਪ ਦਾ ਦੌਰਾ ਕੀਤਾ



**ਲੁਧਿਆਣਾ/ਇੰਦਰਜੀਤ**

ਐਨਸੀਸੀ ਗਰੁੱਪ ਲੁਧਿਆਣਾ ਦੇ ਗਰੁੱਪ ਕਮਾਂਡਰ, ਬ੍ਰਿਗੇਡੀਅਰ ਪਰਮਜੀਤ ਸਿੰਘ ਚੀਮਾ, ਐਸਐਮ, ਵੀਐਸਐਮ, ਨੇ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਵਿਖੇ ਚੱਲ ਰਹੇ ਸੰਯੁਕਤ ਸਾਲਾਨਾ ਸਿਖਲਾਈ ਕੈਂਪ-ਕਮ-ਡਰੋਨ ਸਿਖਲਾਈ ਕੈਂਪ ਦਾ ਦੌਰਾ ਕੀਤਾ। ਵੇਰਵੇ ਦਿੰਦੇ ਹੋਏ, ਫਸਟ ਅਫਸਰ ਪਰਮਬੀਰ ਸਿੰਘ, ਏਐਨਓ, ਨੇ ਦੱਸਿਆ ਕਿ ਇਹ ਕੈਂਪ ਕੈਂਪ ਕਮਾਂਡੈਂਟ ਗਰੁੱਪ ਕੈਪਟਨ ਬੀ.ਐਸ. ਗਿੱਲ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਡਿਪਟੀ ਕੈਂਪ ਕਮਾਂਡੈਂਟ ਵਿੰਗ ਕਮਾਂਡਰ ਰਕਸ਼ਿਤ ਮਦਾਨ ਕੈਂਪ ਦੇ ਸਮੁੱਚੇ ਸੰਚਾਲਨ ਅਤੇ ਪ੍ਰਸ਼ਾਸਨ ਦੀ ਨਿਗਰਾਨੀ ਕਰ ਰਹੇ ਹਨ। ਡਰੋਨ ਸਿਖਲਾਈ ਅਤੇ ਏਅਰੋਮੋਡਲਿੰਗ ਗਤੀਵਿਧੀਆਂ ਦਾ ਤਾਲਮੇਲ ਕੈਪਟਨ ਐਮ.ਐਸ. ਚਾਹਲ, ਸੀਜੀਆਈ ਦੁਆਰਾ ਕੀਤਾ ਜਾ ਰਿਹਾ ਹੈ। ਐਨਸੀਸੀ ਕੈਡਿਟਾਂ ਦੇ ਪਹੁੰਚਣ 'ਤੇ ਗਰੁੱਪ ਕਮਾਂਡਰ ਨੂੰ ਰਸਮੀ ਗਾਰਡ ਆਫ਼ ਆਨਰ ਦਿੱਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਪ੍ਰਸ਼ਾਸਕੀ ਅਧਿਕਾਰੀ ਵਿੰਗ ਕਮਾਂਡਰ ਰਕਸ਼ਿਤ ਮਦਾਨ ਨੇ ਕੈਂਪ ਦੇ ਸੰਗਠਨ, ਸਿਖਲਾਈ ਸਮਾਂ-ਸਾਰਣੀ, ਸੁਰੱਖਿਆ ਉਪਾਵਾਂ ਅਤੇ ਕੈਂਪ ਦੌਰਾਨ ਕਰਵਾਏ ਜਾ ਰਹੇ ਵਿਸ਼ੇਸ਼ ਡਰੋਨ ਸਿਖਲਾਈ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ। ਆਪਣੇ ਦੌਰੇ ਦੌਰਾਨ, ਬ੍ਰਿਗੇਡੀਅਰ ਚੀਮਾ ਨੇ ਪ੍ਰਸ਼ਾਸਕੀ ਪ੍ਰਬੰਧਾਂ, ਹੋਸਟਲ ਰਿਹਾਇਸ਼, ਕੈਡਿਟਾਂ ਦੀ ਡਾਇਨਿੰਗ ਮੈਸ, ਫਾਇਰਿੰਗ ਰੇਂਜ, ਡਰੋਨ ਸਿਖਲਾਈ ਅਤੇ ਏਅਰੋਮੋਡਲਿੰਗ ਸਹੂਲਤਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਸਿਖਲਾਈ ਦੀ ਗੁਣਵੱਤਾ, ਅਨੁਸ਼ਾਸਨ, ਭਲਾਈ ਮਿਆਰਾਂ ਅਤੇ ਸਮੁੱਚੇ ਕੈਂਪ ਪ੍ਰਬੰਧਨ ਦਾ ਮੁਲਾਂਕਣ ਕਰਨ ਲਈ ਸਿਖਲਾਈ ਸਟਾਫ, ਐਸੋਸੀਏਟ ਐਨਸੀਸੀ ਅਫਸਰਾਂ (ਏਐਨਓ) ਅਤੇ ਕੈਡਿਟਾਂ ਨਾਲ ਨੇੜਿਓਂ ਗੱਲਬਾਤ ਕੀਤੀ। ਉਨ੍ਹਾਂ ਨੇ ਲਾਈਵ ਫਾਇਰਿੰਗ ਸਿਖਲਾਈ ਵੀ ਦੇਖੀ ਅਤੇ ਡਰੋਨ ਸੰਚਾਲਨ ਨਾਲ ਸਬੰਧਤ ਵਿਹਾਰਕ ਪ੍ਰਦਰਸ਼ਨਾਂ ਨੂੰ ਵੀ ਦੇਖਿਆ। ਕੈਂਪ ਵਿੱਚ ਸ਼ਾਮਲ 403 ਕੈਡਿਟਾਂ ਨੂੰ ਸੰਬੋਧਨ ਕਰਦੇ ਹੋਏ, ਬ੍ਰਿਗੇਡੀਅਰ ਚੀਮਾ ਨੇ ਉਨ੍ਹਾਂ ਨੂੰ ਲੀਡਰਸ਼ਿਪ ਗੁਣਾਂ, ਅਨੁਸ਼ਾਸਨ, ਰਚਨਾਤਮਕਤਾ, ਆਲੋਚਨਾਤਮਕ ਸੋਚ ਅਤੇ ਭਵਿੱਖ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਇੱਕ ਨਵੀਨਤਾਕਾਰੀ ਪਹੁੰਚ ਵਿਕਸਤ ਕਰਕੇ ਰਾਸ਼ਟਰੀ ਕੈਡੇਟ ਕੋਰ ਦੇ ਮੁੱਖ ਮੁੱਲਾਂ ਨੂੰ ਕਾਇਮ ਰੱਖਣ ਲਈ ਉਤਸ਼ਾਹਿਤ ਕੀਤਾ। ਉੱਭਰ ਰਹੀਆਂ ਤਕਨਾਲੋਜੀਆਂ ਦੀ ਵੱਧ ਰਹੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਨੇ ਕੈਡਿਟਾਂ ਨੂੰ ਡਰੋਨ ਤਕਨਾਲੋਜੀ ਅਤੇ ਹੋਰ ਆਧੁਨਿਕ ਖੇਤਰਾਂ ਵਿੱਚ ਤਰੱਕੀ ਦੇ ਨਾਲ ਰਹਿਣ ਦੀ ਸਲਾਹ ਦਿੱਤੀ ਜੋ ਰਾਸ਼ਟਰੀ ਸੁਰੱਖਿਆ ਅਤੇ ਰਾਸ਼ਟਰ ਨਿਰਮਾਣ ਦੇ ਭਵਿੱਖ ਨੂੰ ਆਕਾਰ ਦੇ ਰਹੇ ਹਨ। ਗਰੁੱਪ ਕਮਾਂਡਰ ਨੇ ਕੈਂਪ ਦੌਰਾਨ ਅਨੁਸ਼ਾਸਨ, ਵੋਟਿੰਗ, ਸਫਾਈ ਅਤੇ ਪੇਸ਼ੇਵਰ ਆਚਰਣ ਦੇ ਉੱਚ ਮਿਆਰਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕੈਂਪ ਕਮਾਂਡੈਂਟ, ਡਿਪਟੀ ਕੈਂਪ ਕਮਾਂਡੈਂਟ, ਅਧਿਕਾਰੀਆਂ, ਸਥਾਈ ਨਿਰਦੇਸ਼ਕ ਸਟਾਫ ਅਤੇ ਸਹਾਇਕ ਸਟਾਫ ਦੇ ਯਤਨਾਂ ਦੀ ਸ਼ਲਾਘਾ ਕੀਤੀ ਕਿ ਉਹ ਇੱਕ ਸੁਚੱਜੇ ਅਤੇ ਅਰਥਪੂਰਨ ਸਿਖਲਾਈ ਕੈਂਪ ਨੂੰ ਸਫਲਤਾਪੂਰਵਕ ਆਯੋਜਿਤ ਕਰਨ। ਉਨ੍ਹਾਂ ਨੇ ਕੈਡਿਟਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਹੋਣ ਅਤੇ ਸਮਰਪਣ, ਪੇਸ਼ੇਵਰਤਾ ਅਤੇ ਮਾਣ ਨਾਲ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਦੀ ਇੱਛਾ ਰੱਖਣ ਲਈ ਵੀ ਪ੍ਰੇਰਿਤ ਕੀਤਾ। ਇਹ ਦੌਰਾ ਕੈਂਪ ਸਟਾਫ ਅਤੇ ਕੈਡਿਟਾਂ ਨਾਲ ਚਾਹ 'ਤੇ ਇੱਕ ਗੈਰ-ਰਸਮੀ ਗੱਲਬਾਤ ਨਾਲ ਸਮਾਪਤ ਹੋਇਆ, ਜਿੱਥੇ ਬ੍ਰਿਗੇਡੀਅਰ ਚੀਮਾ ਨੇ ਕੈਂਪ ਦੌਰਾਨ ਕੀਤੀਆਂ ਜਾ ਰਹੀਆਂ ਵੱਖ-ਵੱਖ ਸਿਖਲਾਈ ਗਤੀਵਿਧੀਆਂ ਵਿੱਚ ਉਨ੍ਹਾਂ ਦੇ ਉਤਸ਼ਾਹ, ਵਚਨਬੱਧਤਾ ਅਤੇ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕੀਤੀ।




# ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਹੋਇਆ

**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**

ਗੁਰਬਾਣੀ ਗੁਰ ਇਤਿਹਾਸ ਅਤੇ ਪੁਰਾਤਨ ਗੁਰਮਰੀਤ ਸੰਗੀਤ ਦੇ ਪ੍ਰਚਾਰ ਪਸਾਰ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਹੋਇਆ। ਸਮਾਗਮ ਦੀ ਆਰੰਭਤਾ ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਹੋਣਹਾਰ ਵਿ?ਦਆਰਥੀਆਂ ਵੱਲੋਂ ਸ਼ਬਦ ਕੀਰਤਨ ਨਾਲ ਹੋਈ। ਸਮਾਗਮ ਦੌਰਾਨ ਜੁੜੀਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਸਮਝਾਇਆ ਕਿ ਗੁਰੂ ਸਾਹਿਬਾਨ ਨੇ ਸਾਨੂੰ 'ਸ਼ਬਦ' ਦਿੱਤਾ ਜਾਂ ਉਸ 'ਬਾਣੀ' ਦੇ ਲੜ ਲਾਇਆ ਜੋ ਰੱਬੀ ਹੈ। ਸ਼ਬਦ ਦੀ ਬ੍ਰਹਮ ਅਤੇ ਸ਼ਬਦ ਹੀ ਗੁਰੂ ਹੈ। ਰੱਬੀ ਸ਼ਬਦ ਗੁਰੂ ਨੂੰ ਧੁਰੋਂ ਪ੍ਰਾਪਤ ਹੁੰਦਾ ਹੈ ਅਤੇ ਉਸ ਰਾਹੀਂ ਹੀ ਉਹ ਮਨੁੱਖੀ ਕਲਿਆਣ ਕਰਦਾ ਹੈ। ਬ੍ਰਹਮ ਅਤੇ ਗੁਰੂ ਸ਼ਬਦ ਰਾਹੀਂ ਹੀ ਸਰਬ ਵਿਆਪਕ ਹੈ। ਗੁਰੂ ਸਰੀਰ ਨਹੀਂ, ਸ਼ਬਦ ਹੈ। ਸ਼ਬਦ ਦੀ ਹਰ ਸਮੇਂ ਅਤੇ ਹਰ ਥਾਂ ਸਾਡੀ ਅਗਵਾਈ ਕਰਦਾ ਹੈ।

ਸ਼ਬਦ ਹੀ ਗੁਰੂ ਨਾਨਕ ਸਾਹਿਬ ਜੀ ਦਾ ਗੁਰੂ ਸੀ ਅਤੇ ਉਸੇ ਸ਼ਬਦ ਗੁਰੂ ਨਾਲ ਹੀ ਗੁਰੂ ਨਾਨਕ ਸਾਹਿਬ ਜੀ ਨੇ ਸਿੱਖਾਂ ਨੂੰ ਜੋੜਿਆ। ਬਾਬਾ ਜੀ ਨੇ ਸ਼ਬਦ ਗੁਰੂ ਦੀ ਮਹੱਤਤਾ ਨੂੰ ਸਮਝਾਉਂਦਿਆਂ ਵੱਖ ਵੱਖ ਸ਼ਬਦਾਂ ਦੇ ਹਵਾਲੇ ਦਿੱਤੇ ਅਤੇ ਗੁਰਬਾਣੀ ਸ਼ਬਦਾਂ ਦੇ ਹਵਾਲਿਆਂ ਨਾਲ ਸਮਝਾਇਆ ਕਿ ਗੁਰੂ ਸਾਹਿਬ ਜੀ ਸਾਨੂੰ ਸਮਝਾਉਂਦੇ ਨੇ ਕਿ ਜਿਹੜਾ ਸ਼ਬਦ ਜਾਂ ਜਿਹੜੀ ਬਾਣੀ ਉਹ ਕਹਿ ਰਹੇ ਨੇ, ਦੇ ਅਸਲ ਉਹ ਸ਼ਬਦ ਤਾਂ ਅਗੰਮੀ ਹੈ ਜੋ ਉਹਨਾਂ ਨੇ ਵਾਹਿਗੁਰੂ ਦੇ ਨੇੜੇ ਹੋ ਕੇ ਸੁਣਿਆ ਹੈ। ਸ਼ਬਦ ਵਾਹਿਗੁਰੂ ਦਾ ਹੈ, ਉਹ ਤਾਂ ਕੇਵਲ ਮਾਧਿਅਮ ਹੀ ਬਣੇ ਹਨ। ਬਾਬਾ ਜੀ ਨੇ ਸਪੱਸ਼ਟ ਕੀਤਾ ਕਿ ਸਾਡੇ ਗੁਰੂ ਜੁਗੋ ਜੁਗ ਅਟੱਲ, ਨਾਮ ਦੇ ਬੋਹਿਥ, ਹਲਤ ਪਲਤ ਦੇ ਰਾਖੇ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਵੀ ਹੋਰ ਸਰੀਰੀ ਗੁਰੂ ਦੀ ਸ਼ਰਨ ਵਿੱਚ ਜਾਣਾ ਮਨਮਤ ਹੈ, ਸਿੱਖੀ ਦੇ ਵਿਰੁੱਧ ਕਰਮ ਹੈ। ਕਿਉਂਕਿ ਸਿੱਖ ਦਾ ਆਧਾਰ ਬਾਣੀ ਹੈ, ਸਿੱਖ ਨੂੰ ਸੁੱਖ ਜਾਂ ਸ਼ਾਂਤੀ ਬਾਣੀ ਵਿੱਚੋਂ ਹੀ ਮਿਲਦੀ ਹੈ, ਜੇ ਸਿੱਖ ਬਾਣੀ ਤੋਂ ਅਗਵਾਈ ਨਹੀਂ ਲੈਂਦਾ ਜਾਂ ਬਾਣੀ ਅਨੁਸਾਰ ਨਹੀਂ ਚੱਲਦਾ ਤਾਂ ਉਹ ਦੁਖੀ ਹੀ ਹੋਵੇਗਾ। ਠੰਡੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਹਰੀਓਮ ਸੇਵਾ ਮੰਡਲ ਵੱਲੋਂ ਸ਼੍ਰੀ ਅਮਰਨਾਥ ਯਾਤਰਾ ਲਈ ਸਮੱਗਰੀ ਰਵਾਨਾ



**ਲੁਧਿਆਣਾ/ਤਮੰਨਾ ਬੇਦੀ**

ਹਰਿਓਮ ਸੇਵਾ ਮੰਡਲ (ਰਜਿ.) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼੍ਰੀ ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਲਈ ਯਾਤਰਾ ਮਾਰਗ ਬਾਲਟਾਲ-ਦੁਮੇਲ, ਜੰਮੂ-ਕਸ਼ਮੀਰ ਵਿਖੇ 21ਵਾਂ ਵਿਸ਼ਾਲ ਭੰਡਾਰਾ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਹਰਿਓਮ ਸੇਵਾ ਮੰਡਲ ਵੱਲੋਂ ਸਮੱਗਰੀ ਨਾਲ ਭਰੀਆਂ 3 ਟਰੱਕ ਗੱਡੀਆਂ ਝੰਡੀ ਦਿਖਾ ਕੇ ਰਵਾਨਾ ਕੀਤੀਆਂ ਗਈਆਂ। ਇਸ ਮੌਕੇ ਚੇਅਰਮੈਨ ਕੇ.ਕੇ. ਗਾਬਾ ਅਤੇ ਪ੍ਰਧਾਨ ਕ੍ਰਿਸ਼ਨ ਲਾਲ ਬਾਂਸਲ ਨੇ ਦੱਸਿਆ ਕਿ ਹਰਿਓਮ ਸੇਵਾ ਮੰਡਲ (ਰਜਿ.) ਨੂੰ ਸ਼੍ਰੀ ਅਮਰਨਾਥ ਯਾਤਰਾ ਸ਼ਰਾਈਨ ਬੋਰਡ ਵੱਲੋਂ ਮਾਨਤਾ ਪ੍ਰਾਪਤ ਹੈ। ਉਨ੍ਹਾਂ ਦੱਸਿਆ ਕਿ ਇਸ ਭੰਡਾਰੇ ਵਿੱਚ ਯਾਤਰੀਆਂ ਲਈ ਭੋਜਨ, ਨਹਾਉਣ ਦੀ ਵਿਵਸਥਾ, ਸ਼ਾਮ ਵੇਲੇ ਸਨੈਕਸ, ਰਾਤ ਲਈ ਕੇਸਰ ਵਾਲਾ ਦੁੱਧ ਅਤੇ ਚਾਹ-ਕੌਫੀ ਆਦਿ ਦਾ 24 ਘੰਟੇ ਪ੍ਰਬੰਧ ਕੀਤਾ ਜਾਂਦਾ ਹੈ। ਅੱਜ ਬਾਬਾ ਬਰਫਾਨੀ ਲਈ 3 ਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਸੰਸਥਾ ਵੱਲੋਂ ਸ਼੍ਰੀ ਅਮਰਨਾਥ ਯਾਤਰੀਆਂ ਲਈ ਲਗਾਏ ਜਾ ਰਹੇ ਲੰਗਰਾਂ ਦੀ ਸ਼ਲਾਘਾ ਕਰਦਿਆਂ, ਹੀਨਾ ਸਿੰਗਲ (59 ਫਾਊਂਡੇਸ਼ਨ) ਨੇ ਕਿਹਾ ਕਿ ਹਰ ਸਾਲ ਇੰਨੇ ਵੱਡੇ ਪੱਧਰ 'ਤੇ ਆਯੋਜਨ ਕਰਨਾ ਅਤੇ ਯਾਤਰੀਆਂ ਲਈ 24 ਘੰਟੇ ਖਾਣ-ਪੀਣ ਦਾ ਪ੍ਰਬੰਧ ਕਰਨਾ ਬਹੁਤ ਵੱਡੀ ਸੇਵਾ ਹੈ। ਉਨ੍ਹਾਂ ਨੇ ਸ਼ਿਵ ਭਗਤਾਂ ਨੂੰ ਵੱਡੀ ਗਿਣਤੀ ਵਿੱਚ ਇਸ ਉਦੇਸ਼ ਨੂੰ ਆਪਣਾ ਸਮਰਥਨ ਦੇਣ ਦੀ ਅਪੀਲ ਵੀ ਕੀਤੀ। ਇਸੇ ਤਰ੍ਹਾਂ, ਡਾ. ਰਾਹੁਲ (ਜੇ.ਪੀ.ਸੀ.), ਡਾ. ਓ.ਪੀ. ਸ਼ਰਮਾ, ਮਨੂ ਅਰੋੜਾ ਅਤੇ ਰਮਨ ਜਗਦੰਬਾ ਨੇ ਕਿਹਾ ਕਿ ਹਰ ਸਾਲ ਤੀਰਥ ਯਾਤਰੀਆਂ ਦੀ ਸੇਵਾ ਕਰਕੇ ਹਰਿਓਮ ਸੇਵਾ ਮੰਡਲ ਦੇ ਮੈਂਬਰ ਬਹੁਤ ਵੱਡਾ ਪੁੰਨ ਕਮਾਉਂਦੇ ਹਨ। ਉਨ੍ਹਾਂ ਨੇ ਇਹ ਵੀ ਅਰਦਾਸ ਕੀਤੀ ਕਿ ਭੋਲੇ ਬਾਬਾ ਆਪਣੀ ਕਿਰਪਾ ਅਤੇ ਅਸ਼ੀਰਵਾਦ ਇਨ੍ਹਾਂ 'ਤੇ ਸਦਾ ਬਣਾਈ ਰੱਖਣ। ਇਸ ਦੌਰਾਨ ਵਾਈਸ ਚੇਅਰਮੈਨ ਭੂਸ਼ਣ ਸਿੰਗਲਾ, ਸੀਨੀਅਰ ਵਾਈਸ ਪ੍ਰਧਾਨ ਬੰਸੀ ਲਾਲ, ਮੀਡੀਆ ਇੰਚਾਰਜ ਗੌਰਵ ਮਹਿੰਦਰੂ, ਸਕੱਤਰ ਪੁਨੀਤ ਮਿੱਤਲ, ਸੰਯੁਕਤ ਸਕੱਤਰ ਦੀਪਕ ਗੋਇਲ, ਸ਼ਿਵ ਸਿੰਗਲਾ, ਮਿੰਟੂ ਸਿੰਗਲਾ, ਕਰਨ ਗਾਬਾ, ਨਰੇਸ਼ ਸਰੀਨ, ਡਾ. ਸੁਨੀਲ ਬਾਂਕਾ, ਰਜਤ ਬਾਂਸਲ, ਸੁਸ਼ਾਂਤ ਬਾਂਸਲ, ਜਿੰਮੀ ਗਾਬਾ, ਅਨਿਲ ਚਾਵਲਾ, ਹੇਮੰਤ ਸਿੰਗਲਾ, ਸੰਕੇਤ ਗੋਇਲ, ਕੇਵਲ ਸ਼ਰਮਾ ਆਦਿ ਵੀ ਹਾਜ਼ਰ ਸਨ। ਇਸ ਸਾਲ ਦੀ ਪਵਿੱਤਰ ਸ਼੍ਰੀ ਅਮਰਨਾਥ ਯਾਤਰਾ 3 ਜੁਲਾਈ, 2026 ਤੋਂ ਸ਼ੁਰੂ ਹੋ ਕੇ 28 ਅਗਸਤ, 2026 ਤੱਕ ਚੱਲੇਗੀ। 57 ਦਿਨਾਂ ਤੱਕ ਚੱਲਣ ਵਾਲੀ ਇਹ ਯਾਤਰਾ ਬਾਲਟਾਲ-ਸੋਨਮਰਗ ਅਤੇ ਨੁਨਵਾਨ-ਪਹਿਲਗਾਮ ਦੋਵੇਂ ਮਾਰਗਾਂ ਰਾਹੀਂ ਸੰਚਾਲਿਤ ਕੀਤੀ ਜਾਵੇਗੀ। ਯਾਤਰਾ ਦਾ ਸਮਾਪਨ ਸਾਵਣ ਦੀ ਪੂਰਮਾਸ਼ੀ ਅਤੇ ਰੱਖੜੀ ਦੇ ਦਿਨ ਹੋਵੇਗਾ।

# ਮਾਈ ਭਾਰਤ ਚੰਡੀਗੜ੍ਹ ਵੱਲੋਂ ਯੁਵਾ ਕਲੱਬ ਵਿਕਾਸ ਮੁਹਿੰਮ 2026 ਦੀ ਸ਼ੁਰੂਆਤ




**ਚੰਡੀਗੜ੍ਹ/ਪੱਤਰ ਸੂਚਨਾ ਬਿਊਰੋ**

ਯੁਵਾ ਮਾਮਲੇ ਅਤੇ ਖੇਡ ਮੰਤਰਾਲੇ, ਭਾਰਤ ਸਰਕਾਰ ਦੀ ਅਗਵਾਈ ਹੇਠ 'ਮਾਈ ਭਾਰਤ ਚੰਡੀਗੜ੍ਹ' ਵੱਲੋਂ ਪੂਰੇ ਚੰਡੀਗੜ੍ਹ ਵਿੱਚ 'ਯੁਵਾ ਕਲੱਬ ਵਿਕਾਸ ਮੁਹਿੰਮ 2026' ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੁਹਿੰਮ ਦਾ ਉਦੇਸ਼ ਨੌਜਵਾਨਾਂ ਦੀ ਭਾਗੀਦਾਰੀ ਨੂੰ ਮਜ਼ਬੂਤ ਬਣਾਉਣਾ ਅਤੇ ਸੰਗਠਿਤ ਯੁਵਾ ਸਮੂਹਾਂ ਦੇ ਮਾਧਿਅਮ ਰਾਹੀਂ ਭਾਈਚਾਰਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਇਸ ਮੁਹਿੰਮ ਦੇ ਤਹਿਤ ਚੰਡੀਗੜ੍ਹ ਵਿੱਚ ਕੰਮ ਕਰ ਰਹੇ ਸਾਰੇ ਯੁਵਾ ਕਲੱਬਾਂ, ਮਹਿਲਾ ਮੰਡਲਾਂ ਅਤੇ ਯੁਵਾ ਸੰਗਠਨਾਂ ਨੂੰ 'ਮਾਈ ਭਾਰਤ' ਨਾਲ ਜੁੜਨ ਅਤੇ ਰਾਸ਼ਟਰ ਨਿਰਮਾਣ ਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰ ਬਣਨ ਲਈ ਸੱਦਾ ਦਿੱਤਾ ਗਿਆ ਹੈ। ਇਹ ਮੁਹਿੰਮ ਉਨ੍ਹਾਂ ਨੌਜਵਾਨਾਂ ਨੂੰ ਵੀ ਉਤਸ਼ਾਹਿਤ ਕਰਦੀ ਹੈ ਜੋ ਨਵਾਂ ਯੁਵਾ ਕਲੱਬ ਦਾ ਗਠਨ ਕਰਕੇ ਉਸ ਨੂੰ 'ਮਾਈ ਭਾਰਤ' ਨਾਲ ਜੋੜਨਾ ਚਾਹੁੰਦੇ ਹਨ। ਜਨ-ਜਾਗਰੂਕਤਾ ਅਤੇ ਸੰਪਰਕ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਲਿਤ ਕਰਨ ਲਈ ਛੇ ਵਲੰਟੀਅਰਾਂ -ਮੋਹਿਨੀ, ਕਸਤੂਰੀ, ਕਾਰਤਿਕ, ਪੰਕਜ, ਤਨੀਸ਼ ਅਤੇ ਵੈਭਵ—ਨੂੰ ਚੰਡੀਗੜ੍ਹ ਦੇ ਵੱਖ-ਵੱਖ ਖੇਤਰਾਂ ਵਿੱਚ ਤੈਨਾਤ ਕੀਤਾ ਗਿਆ ਹੈ। ਇਹ ਵਲੰਟੀਅਰ ਜਾਗਰੂਕਤਾ ਗਤੀਵਿਧੀਆਂ ਦਾ ਸੰਚਾਲਨ ਕਰਨਗੇ ਅਤੇ ਯੁਵਾ ਸਮੂਹਾਂ ਨੂੰ ਜੋੜਨ ਦੀ ਪ੍ਰਕਿਰਿਆ ਵਿੱਚ ਸਹਿਯੋਗ ਪ੍ਰਦਾਨ ਕਰਨਗੇ। ਮੁਹਿੰਮ ਦੇ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸ਼੍ਰੀ ਵਿਨੈ ਕੁਮਾਰ, ਜ਼ਿਲ੍ਹਾ ਯੁਵਾ ਅਫ਼ਸਰ, ਮਾਈ ਭਾਰਤ ਚੰਡੀਗੜ੍ਹ ਨੇ ਦੱਸਿਆ ਕਿ ਇਸ ਪਹਿਲਕਦਮੀ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਯੁਵਾ ਸੰਗਠਨਾਂ ਨੂੰ ਮਜ਼ਬੂਤ ਬਣਾਉਣਾ ਅਤੇ ਚੰਡੀਗੜ੍ਹ ਵਿੱਚ ਯੁਵਾ ਕਲੱਬਾਂ ਦਾ ਇੱਕ ਸਸ਼ਕਤ ਅਤੇ ਸਰਗਰਮ ਨੈੱਟਵਰਕ ਵਿਕਸਿਤ ਕਰਨਾ ਹੈ। ਉਨ੍ਹਾਂ ਨੇ ਸਾਰੇ ਯੋਗ ਯੁਵਾ ਕਲੱਬਾਂ, ਮਹਿਲਾ ਮੰਡਲਾਂ ਅਤੇ ਯੁਵਾ ਸੰਗਠਨਾਂ ਨੂੰ 'ਮਾਈ ਭਾਰਤ' ਨਾਲ ਜੁੜਨ ਅਤੇ ਵੱਖ-ਵੱਖ ਯੁਵਾ ਵਿਕਾਸ ਤੇ ਰਾਸ਼ਟਰ ਨਿਰਮਾਣ ਦੇ ਪ੍ਰੋਗਰਾਮਾਂ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ ਦਾ ਸੱਦਾ ਦਿੱਤਾ। ਜਿਹੜੇ ਸੰਗਠਨ ਆਪਣੇ ਮੌਜੂਦਾ ਕਲੱਬ ਨੂੰ 'ਮਾਈ ਭਾਰਤ' ਨਾਲ ਜੋੜਨਾ ਚਾਹੁੰਦੇ ਹਨ ਜਾਂ ਨਵਾਂ ਯੁਵਾ ਕਲੱਬ ਦਾ ਗਠਨ ਕਰਨਾ ਚਾਹੁੰਦੇ ਹਨ, ਉਹ ਸ਼੍ਰੀ ਵਿਨੈ ਕੁਮਾਰ, ਜ਼ਿਲ੍ਹਾ ਯੁਵਾ ਅਫ਼ਸਰ, ਮਾਈ ਭਾਰਤ ਚੰਡੀਗੜ੍ਹ ਨਾਲ ਮੋਬਾਈਲ ਨੰਬਰ 9805832503 'ਤੇ ਸੰਪਰਕ ਕਰ ਸਕਦੇ ਹਨ। ਇੱਛੁਕ ਵਿਅਕਤੀ ਵਧੇਰੇ ਜਾਣਕਾਰੀ ਅਤੇ ਸਹਾਇਤਾ ਲਈ ਮਾਈ ਭਾਰਤ ਦਫ਼ਤਰ, ਪੰਜਾਬ ਇੰਜੀਨੀਅਰਿੰਗ ਕਾਲਜ ਕੈਂਪਸ, ਸੈਕਟਰ-12, ਚੰਡੀਗੜ੍ਹ ਵਿਖੇ ਵੀ ਸੰਪਰਕ ਕਰ ਸਕਦੇ ਹਨ।

# ਰਾਮਗੜ੍ਹੀਆ ਗਰਲਜ਼ ਕਾਲਜ ਵਿਖੇ ਕਨਵੋਕੇਸ਼ਨ ਅਤੇ ਇਨਾਮ ਵੰਡ ਸਮਾਰੋਹ ਦਾ ਆਯੋਜਨ





**ਲੁਧਿਆਣਾ/ਤਮੰਨਾ ਬੇਦੀ**

ਰਾਮਗੜ੍ਹੀਆ ਗਰਲਜ਼ ਕਾਲਜ, ਮਿਲਰ ਗੰਜ, ਲੁਧਿਆਣਾ ਵਿੱਚ ਕਵੋਕੇਸ਼ਨ ਅਤੇ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਪ੍ਰੀਖਿਆਵਾਂ ਪਾਸ ਕਰ ਚੁੱਕੀਆਂ ਵਿਦਿਆਰਥਣਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਆਯੋਜਿਤ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਵਿਦਿਆਰਥਣਾਂ ਨੂੰ ਰੋਲ ਆਫ਼ ਆਨਰ ਦੇ ਕੇ ਸਨਮਾਨਿਤ ਕੀਤਾ ਗਿਆ। ਵੱਖ-ਵੱਖ ਗਤੀਵਿਧੀਆਂ ਦੀਆਂ ਜੇਤੂ ਵਿਦਿਆਰਥਣਾਂ ਨੂੰ ਇਨਾਮ ਵੰਡੇ ਗਏ।ਇਸ ਮੌਕੇ 'ਤੇ ਡਾ. ਦਵਿੰਦਰ ਸਿੰਘ, ਪ੍ਰਧਾਨ ਕਲਗੀਧਰ ਟਰੱਸਟ ਬੜੂ ਸਾਹਿਬ ਮੁੱਖ ਮਹਿਮਾਨ ਵਜੋਂ ਅਤੇ ਡਾ. ਨੀਲਮ ਕੌਰ, ਵਾਈਸ ਚਾਂਸਲਰ ਈਟਰਨਲ ਯੂਨੀਵਰਸਿਟੀ ਬੜੂ ਸਾਹਿਬ ਵਿਸ਼ੇਸ਼ ਮਹਿਮਾਨ ਵਜੋਂ ਕਾਲਜ ਪਹੁੰਚੇ ਸ਼੍ਰੀਮਤੀ ਰਿਤੂ ਸਿੰਗਲ (ਲੇਖਿਕਾ ਅਤੇ ਐਮ.ਡੀ. ਨਿਪਪੋਨ ਲੈਦਰਗੀਟ ਪ੍ਰਾਈਵੇਟ ਲਿਮਿਟੇਡ) ਅਤੇ ਸ਼੍ਰੀਮਤੀ ਸੰਦੀਪ ਰਿਆਤ (ਐਮ.ਡੀ. ਅਕਾਲ ਸਪ੍ਰਿੰਗ ਲਿਮਟਿਡ) ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸ. ਰਣਜੋਧ ਸਿੰਘ, ਸਕੱਤਰ ਸ. ਗੁਰਚਰਨ ਸਿੰਘ ਲੋਟੇ ਅਤੇ ਕਾਲਜ ਪ੍ਰਿੰਸੀਪਲ ਡਾ. ਅਜੀਤ ਕੌਰ ਨੇ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਡਾ. ਸਤੀਸ਼ ਸ਼ਰਮਾ ,ਡਾ ਬਲਬੀਰ ਸ਼ਾਹ, ਸ. ਅਮਰਜੀਤ ਸਿੰਘ ਟਿੱਕਾ ਵੀ ਸਮਾਗਮ ਵਿੱਚ ਪਹੁੰਚੇ। ਸਮਾਰੋਹ ਦਾ ਆਗਾਜ਼ ਐਮ.ਏ. ਸੰਗੀਤ-ਗਾਇਨ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ "ਦੇਹਿ ਸ਼ਿਵਾ ਬਰ ਮੋਹਿ ਇਹੈ"ਸ਼ਬਦ ਦੇ ਗਾਇਨ ਨਾਲ ਕੀਤਾ। ਸਤਿਕਾਰਤ ਮਹਿਮਾਨਾਂ ਵੱਲੋਂ ਸ਼ਮ੍ਹਾ ਰੌਸ਼ਨ ਕੀਤੀ ਗਈ ਇਸ ਤੋਂ ਬਾਅਦ ਮੁੱਖ ਮਹਿਮਾਨ ਵੱਲੋਂ ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਪੱਧਰ ਦੀਆਂ ਲਗਭਗ 400



ਵਿਦਿਆਰਥਣਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਮੁੱਖ ਮਹਿਮਾਨ ਨੇ ਡਿਗਰੀਆਂ ਅਤੇ ਇਨਾਮ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ, "ਉਨ੍ਹਾਂ ਨੇ ਜੋ ਗਿਆਨ ਇਸ ਕਾਲਜ ਤੋਂ ਹਾਸਲ ਕੀਤਾ ਹੈ, ਉਸ ਨੂੰ ਆਪਣੇ ਦੇਸ਼ ਅਤੇ ਮਨੁੱਖਤਾ ਦੀ ਭਲਾਈ ਲਈ ਵਰਤਣ, ਇਹੀ ਉਨ੍ਹਾਂ ਦੀ ਅਸਲ ਪ੍ਰਾਪਤੀ ਹੈ। ਕਾਲਜ ਪ੍ਰਿੰਸੀਪਲ ਡਾ. ਅਜੀਤ ਕੌਰ ਨੇ ਕਾਲਜ ਦੀ ਸਾਲਾਨਾ ਰਿਪੋਰਟ ਪੜ੍ਹੀ ਅਤੇ ਕਾਲਜ ਦੀਆਂ ਵਰਨਣਯੋਗ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਕਿਹਾ, "ਕਾਲਜ ਨੇ ਸਦਾ ਨੈਤਿਕ ਕਦਰਾਂ-ਕੀਮਤਾਂ ਨਾਲ ਭਰਪੂਰ ਸਿੱਖਿਆ 'ਤੇ ਜ਼ੋਰ ਦਿੱਤਾ ਹੈ, ਜਿਸ ਦੇ ਨਾਲ ਅਕਾਦਮਿਕ ਬੁਲੰਦੀਆਂ ਵੀ ਜੁੜੀਆਂ ਹੋਈਆਂ ਹਨ ਅਤੇ ਅਸੀਂ ਆਸ ਕਰਦੇ ਹਾਂ ਕਿ ਸਾਡੀਆਂ ਹੋਣਹਾਰ ਵਿਦਿਆਰਥਣਾਂ ਆਉਣ ਵਾਲੇ ਜੀਵਨ ਵਿੱਚ ਵੀ ਇਸੇ ਤਰ੍ਹਾਂ ਸਫਲਤਾਵਾਂ ਹਾਸਲ ਕਰਦੀਆਂ ਰਹਿਣਗੀਆਂ। ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸ. ਰਣਜੋਧ ਸਿੰਘ ਨੇ ਵਿਦਿਆਰਥਣਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ, "ਵਿਦਿਆਰਥਣਾਂ ਨੇ ਆਪਣੀ ਸਖ਼ਤ ਮਿਹਨਤ, ਦ੍ਰਿੜ ਲਗਨ ਅਤੇ ਜਨੂਨ ਨਾਲ ਜ਼ਿੰਦਗੀ ਦੇ ਇਨ੍ਹਾਂ ਉੱਚੇ ਸ਼ਿਖਰਾਂ ਨੂੰ ਛੂਹਿਆ ਹੈ ਅਤੇ ਕਾਲਜ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਇਸ ਮੌਕੇ 'ਤੇ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਵੱਖ-ਵੱਖ ਮੈਂਬਰ ਸਾਹਿਬਾਨ ਅਤੇ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਵਿਦਿਅਕ ਅਦਾਰਿਆਂ ਦੇ ਪ੍ਰਿੰਸੀਪਲ ਸਾਹਿਬਾਨ ਵੀ ਹਾਜ਼ਰ ਸਨ। ਕਾਲਜ ਪਹੁੰਚੇ ਸਾਰੇ ਹੀ ਸਤਿਕਾਰਤ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਜਨਰਲ ਸਕੱਤਰ ਸ. ਗੁਰਚਰਨ ਸਿੰਘ ਲੋਟੇ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਅੰਤ ਵਿੱਚ ਰਾਸ਼ਟਰੀ ਗਾਇਨ ਦੇ ਨਾਲ ਸਮਾਗਮ ਨੂੰ ਸਮਾਪਤ ਕੀਤਾ ਗਿਆ।

# ਏ.ਡੀ.ਐਸ. ਇੰਟਰਨੈਸ਼ਨਲ ਵੈਲਫੇਅਰ ਸੋਸਾਇਟੀ ਵੱਲੋਂ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਵੰਡ ਕੇ ਸਿੱਖਿਆ ਨੂੰ ਦਿੱਤਾ ਉਤਸ਼ਾਹ

**ਲੁਧਿਆਣਾ/ਸੁਰਜੀਤ ਸਿੰਘ**

ਸਮਾਜ ਸੇਵਾ ਅਤੇ ਸਿੱਖਿਆ ਦੇ ਪ੍ਰਚਾਰ ਲਈ ਨਿਰੰਤਰ ਯਤਨਸ਼ੀਲ ਏ.ਡੀ.ਐਸ. ਇੰਟਰਨੈਸ਼ਨਲ ਵੈਲਫੇਅਰ ਸੋਸਾਇਟੀ ਵੱਲੋਂ ਜਮਾਲਪੁਰ ਸਥਿਤ ਐਮ.ਆਈ.ਜੀ. ਕਾਲੋਨੀ ਵਿੱਚ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਸਮੱਗਰੀ ਵੰਡਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਬੱਚਿਆਂ ਨੂੰ ਕਾਪੀਆਂ, ਪੈਂਸਿਲਾਂ, ਪੈਨ ਅਤੇ ਹੋਰ ਲੋੜੀਂਦੀ ਪੜ੍ਹਾਈ ਸਮੱਗਰੀ ਦੇ ਨਾਲ-ਨਾਲ ਰਿਫਰੈਸ਼ਮੈਂਟ ਵੀ ਦਿੱਤੀ ਗਈ। ਸੋਸਾਇਟੀ ਵੱਲੋਂ ਹਰ ਮਹੀਨੇ ਅਜਿਹੇ ਉਪਰਾਲੇ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ



ਸਿੱਖਿਆ ਨਾਲ ਜੋੜਨ ਅਤੇ ਉਨ੍ਹਾਂ ਦਾ ਹੌਸਲਾ ਵਧਾਉਣ ਦਾ ਕੰਮ ਕੀਤਾ ਜਾਂਦਾ ਹੈ। ਬੁਲਾਰਿਆਂ ਨੇ ਕਿਹਾ ਕਿ ਸਿੱਖਿਆ ਹੀ ਇੱਕ ਅਜਿਹਾ ਸਾਧਨ ਹੈ ਜੋ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਨੀਂਹ ਮਜ਼ਬੂਤ ਕਰਦਾ ਹੈ। ਇਸ ਮੌਕੇ ਮੁੱਖ ਮਹਿਮਾਨ ਸੁਰਜੀਤ ਸਿੰਘ (ਹੋਰਾਈਜ਼ਨ ਮੀਡੀਆ), ਗੁਰਵਿੰਦਰ ਸਿੰਘ ਲੱਕੀ ਅਤੇ ਐਡਵੋਕੇਟ ਸ਼ੁਭਮ ਸਿੰਗਲਾ ਨੂੰ ਸਮਾਜਿਕ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਪਰਮਜੀਤ ਸਿੰਘ, ਖਜ਼ਾਨ ਸਿੰਘ, ਵੀਰ ਸਿੰਘ ਅਤੇ ਰਮਨਜੀਤ ਸਿੰਘ ਵੀ ਹਾਜ਼ਰ ਰਹੇ ਅਤੇ ਬੱਚਿਆਂ ਦੀ ਭਲਾਈ ਲਈ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

# ਸੰਕਲਪ ਸਿਵਲ ਸਰਵਿਸਿਜ਼ ਸੰਸਥਾ ਵੱਲੋਂ ਸਨਮਾਨ ਸਮਾਰੋਹ ਦਾ ਆਯੋਜਨ

## ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਦੇ ਉਨ੍ਹਾਂ 21 ਹੋਣਹਾਰ ਉਮੀਦਵਾਰਾਂ ਨੂੰ ਸਨਮਾਨਿਤ ਕੀਤਾ ਜਿਨ੍ਹਾਂ ਨੇ ਵੱਕਾਰੀ ਸਿਵਲ ਸੇਵਾਵਾਂ ਪ੍ਰੀਖਿਆ ਪਾਸ ਕੀਤੀ ਹੈ

**ਲੁਧਿਆਣਾ/ਤਮੰਨਾ ਬੇਦੀ**

ਪੰਜਾਬ ਦੇ ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਗੁਰੂ ਨਾਨਕ ਦੇਵ ਭਵਨ ਵਿਖੇ ਸਿਵਲ ਸੇਵਾਵਾਂ ਪ੍ਰੀਖਿਆ ਸਫਲਤਾਪੂਰਵਕ ਪਾਸ ਕਰਨ ਵਾਲੇ ਵਿਦਿਆਰਥੀਆਂ ਲਈ ਆਯੋਜਿਤ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਸ਼ਿਰਕਤ ਕੀਤੀ। ਉਹ ਸੰਕਲਪ ਲੁਧਿਆਣਾ ਦੇ ਪ੍ਰਧਾਨ ਸ਼੍ਰੀ ਨਰਿੰਦਰ ਮਿੱਤਲ ਅਤੇ ਸੰਕਲਪ ਲੁਧਿਆਣਾ ਦੇ ਪ੍ਰਧਾਨ ਸ਼੍ਰੀ ਦਵਿੰਦਰ ਗੁਪਤਾ ਦੇ ਸੱਦੇ 'ਤੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਇਸ ਮੌਕੇ ਵੱਕਾਰੀ ਸੰਘ ਲੋਕ ਸੇਵਾ ਕਮਿਸ਼ਨ ਦੀ ਸਿਵਲ ਸੇਵਾਵਾਂ ਪ੍ਰੀਖਿਆ ਲਈ ਯੋਗਤਾ ਪੂਰੀ ਕਰਨ ਵਾਲੇ ਹੋਣਹਾਰ ਉਮੀਦਵਾਰਾਂ ਦਾ ਸਨਮਾਨ ਕੀਤਾ ਗਿਆ। ਚਰਚਾ ਸਮਾਜ ਸੇਵਾ, ਸੰਵੇਦਨਸ਼ੀਲਤਾ, ਸੁਸ਼ਾਸਨ ਅਤੇ ਸਮਾਜ ਦੇ ਵਾਂਝੇ ਵਰਗਾਂ ਦੇ ਕਲਿਆਣ 'ਤੇ ਕੇਂਦਰਿਤ ਰਹੀ। ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਗਾਇਨ ਨਾਲ ਹੋਈ, ਜਿਸ ਤੋਂ ਬਾਅਦ ਸ਼੍ਰੀ ਨਰਿੰਦਰ ਮਿੱਤਲ ਨੇ ਸਵਾਗਤੀ ਭਾਸ਼ਣ ਦਿੱਤਾ। ਸਭਾ ਨੂੰ ਸੰਬੋਧਨ ਕਰਦਿਆਂ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੌਜੂਦਾ ਸਮੇਂ ਦੀ ਸਭ ਤੋਂ ਵੱਡੀ ਲੋੜ ਵਾਂਝੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨਾ ਹੈ। ਉਨ੍ਹਾਂ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਗ਼ਰੀਬ ਪਰਿਵਾਰਾਂ ਦੇ ਬੱਚੇ ਹੁਣ ਸਖ਼ਤ ਮਿਹਨਤ, ਸਮਰਪਣ ਅਤੇ ਦ੍ਰਿੜ ਇਰਾਦੇ ਸਦਕਾ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਧਿਕਾਰੀਆਂ ਵਰਗੇ ਵੱਕਾਰੀ ਅਹੁਦਿਆਂ 'ਤੇ ਪਹੁੰਚ ਰਹੇ ਹਨ, ਜੋ ਦੇਸ਼ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਜ਼ਿਕਰ ਕੀਤਾ ਕਿ 1986 ਵਿੱਚ ਸ਼੍ਰੀ ਸੰਤੋਸ਼ ਤਨੇਜਾ ਦੁਆਰਾ ਸ਼ੁਰੂ ਕੀਤੀ ਗਈ ਮੁਹਿੰਮ ਹਜ਼ਾਰਾਂ ਨੌਜਵਾਨ ਉਮੀਦਵਾਰਾਂ ਲਈ ਪ੍ਰੇਰਨਾ ਦਾ ਸਰੋਤ ਬਣ ਗਈ ਹੈ। ਸਰਦਾਰ ਵੱਲਭਭਾਈ ਪਟੇਲ ਦੇ ਵਿਜ਼ਨ ਨੂੰ ਅੱਗੇ ਵਧਾਉਂਦੇ ਹੋਏ, 'ਸੰਕਲਪ' ਯੋਗ ਅਤੇ ਲੋੜਵੰਦ ਨੌਜਵਾਨਾਂ ਨੂੰ ਸਿਵਲ ਸੇਵਾਵਾਂ ਵਿੱਚ ਸ਼ਾਨਦਾਰ ਮੌਕੇ ਪ੍ਰਦਾਨ ਕਰਕੇ ਸ਼ਲਾਘਾਯੋਗ ਕੰਮ ਕਰ ਰਿਹਾ ਹੈ। ਭਵਿੱਖ ਦੇ ਅਧਿਕਾਰੀਆਂ ਨੂੰ ਪ੍ਰੇਰਿਤ ਕਰਦੇ ਹੋਏ ਰਾਜਪਾਲ ਨੇ ਕਿਹਾ: "ਜੇਕਰ ਕਿਸੇ ਵਿਅਕਤੀ ਵਿੱਚ ਮਨੁੱਖਤਾ, ਸੰਵੇਦਨਸ਼ੀਲਤਾ, ਕਰੁਣਾ ਅਤੇ ਹਮਦਰਦੀ ਦੀ ਕਮੀ ਹੈ, ਤਾਂ ਕਿਸੇ ਵੀ ਉੱਚੇ ਅਹੁਦੇ 'ਤੇ ਰਹਿਣ ਦਾ ਸਮਾਜ ਲਈ ਬਹੁਤ ਘੱਟ ਮਹੱਤਵ ਹੈ। ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਧਿਕਾਰੀਆਂ ਦਾ ਅਸਲ ਫ਼ਰਜ਼ ਸਿਰਫ਼ ਪ੍ਰਸ਼ਾਸਨ ਚਲਾਉਣਾ ਨਹੀਂ ਹੈ, ਸਗੋਂ ਗਰੀਬਾਂ, ਮਜ਼ਦੂਰਾਂ ਅਤੇ ਦਿਹਾੜੀਦਾਰ ਕਾਮਿਆਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਦੀ ਦਿਸ਼ਾ ਵਿੱਚ ਕੰਮ ਕਰਨਾ ਵੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇੱਕ ਸੱਚਾ ਪ੍ਰਸ਼ਾਸਕ ਉਹੀ ਹੈ, ਜੋ ਝੁੱਗੀ-ਝੌਂਪੜੀਆਂ ਅਤੇ ਵਾਂਝੇ ਭਾਈਚਾਰਿਆਂ ਵਿੱਚ ਰਹਿਣ ਵਾਲੇ ਲੋਕਾਂ ਦੁਆਰਾ ਝੱਲੀਆਂ ਜਾਣ




ਵਾਲੀਆਂ ਮੁਸ਼ਕਲਾਂ ਨੂੰ ਸਮਝਦਾ ਹੈ ਅਤੇ ਉਨ੍ਹਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਨੀਤੀਆਂ ਬਣਾਉਂਦਾ ਹੈ। ਅਜਿਹੀਆਂ ਯੋਜਨਾਵਾਂ ਅਤੇ ਪ੍ਰੋਗਰਾਮ ਜੋ ਸਮਾਜ ਦੇ ਆਖਰੀ ਵਿਅਕਤੀ ਤੱਕ ਨਹੀਂ ਪਹੁੰਚਦੇ ਜਾਂ ਗਰੀਬਾਂ ਦੇ ਜੀਵਨ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਵਿੱਚ ਅਸਫਲ ਰਹਿੰਦੇ ਹਨ, ਉਨ੍ਹਾਂ ਦਾ ਕੋਈ ਖਾਸ ਮਕਸਦ ਸਿੱਧ ਨਹੀਂ ਹੁੰਦਾ। ਇਸ ਮੌਕੇ ਸੰਕਲਪ ਸਿਵਲ ਸਰਵਿਸਿਜ਼ ਸੰਸਥਾ ਦੇ ਸੰਸਥਾਪਕ ਸ਼੍ਰੀ ਸੰਤੋਸ਼ ਤਨੇਜਾ ਨੇ ਕਿਹਾ ਕਿ ਇਹ ਸੰਸਥਾ ਕਈ ਦਹਾਕਿਆਂ ਤੋਂ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਯੋਗ ਵਿਦਿਆਰਥੀਆਂ ਨੂੰ ਨਿਰਸਵਾਰਥ ਭਾਵਨਾ ਨਾਲ ਸਿਵਲ ਸੇਵਾਵਾਂ ਦੀ ਕੋਚਿੰਗ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਇਸ ਸੰਸਥਾ ਨਾਲ ਜੁੜੇ ਸੈਂਕੜੇ ਵਿਦਿਆਰਥੀ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਸਫਲ ਹੁੰਦੇ ਹਨ ਅਤੇ ਦੇਸ਼ ਦੀਆਂ ਉੱਚ ਸੇਵਾਵਾਂ ਵਿੱਚ ਸਥਾਨ ਹਾਸਲ ਕਰਦੇ ਹਨ। ਉਨ੍ਹਾਂ ਇਸ ਗੱਲ 'ਤੇ ਚਾਨਣਾ ਪਾਇਆ ਕਿ 'ਸੰਕਲਪ' ਰਾਹੀਂ ਹੁਣ ਤੱਕ ਲਗਭਗ 10,000 ਵਿਦਿਆਰਥੀ ਸਿਵਲ ਸੇਵਾਵਾਂ ਪ੍ਰੀਖਿਆਵਾਂ ਪਾਸ ਕਰ ਚੁੱਕੇ ਹਨ ਅਤੇ ਮੌਜੂਦਾ ਸਮੇਂ ਵਿੱਚ ਵੱਖ-ਵੱਖ ਉੱਚ ਅਹੁਦਿਆਂ 'ਤੇ ਦੇਸ਼ ਦੀ ਸੇਵਾ ਕਰ ਰਹੇ ਹਨ। ਸੰਕਲਪ ਲੁਧਿਆਣਾ ਦੇ ਪ੍ਰਧਾਨ ਸ਼੍ਰੀ ਨਰਿੰਦਰ ਮਿੱਤਲ ਨੇ ਜਾਣਕਾਰੀ ਦਿੱਤੀ ਕਿ ਇਸ ਸਾਲ ਪੰਜਾਬ ਦੇ 23 ਵਿਦਿਆਰਥੀਆਂ ਨੇ ਸਿਵਲ ਸੇਵਾਵਾਂ ਪ੍ਰੀਖਿਆ ਲਈ ਕੁਆਲੀਫਾਈ ਕੀਤਾ ਹੈ, ਜਿਨ੍ਹਾਂ ਵਿੱਚੋਂ 21 ਸਫਲ ਉਮੀਦਵਾਰਾਂ ਨੂੰ ਸਮਾਰੋਹ ਦੌਰਾਨ ਵਿਸ਼ੇਸ਼ ਤੌਰ 'ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਸਾਬਤ ਕਰਦੀ ਹੈ ਕਿ ਸਹੀ ਮਾਰਗਦਰਸ਼ਨ ਅਤੇ ਮੌਕਿਆਂ ਨਾਲ ਨੌਜਵਾਨ ਕੋਈ ਵੀ ਮੁਕਾਮ ਹਾਸਲ ਕਰ ਸਕਦੇ ਹਨ। ਪ੍ਰੋਗਰਾਮ ਦੌਰਾਨ ਸਫਲ ਉਮੀਦਵਾਰਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸ਼ਖਸੀਅਤਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਸਮਾਜਿਕ ਕਾਰਕੁਨਾਂ, ਸਿੱਖਿਆ ਸ਼ਾਸਤਰੀਆਂ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਨਾਗਰਿਕਾਂ ਦੀ ਹਾਜ਼ਰੀ ਦੇਖਣ ਨੂੰ ਮਿਲੀ। ਪੂਰਾ ਸਮਾਗਮ ਸਮਾਜ ਸੇਵਾ, ਸਿੱਖਿਆ ਅਤੇ ਰਾਸ਼ਟਰ ਨਿਰਮਾਣ ਦੀ ਭਾਵਨਾ ਨੂੰ ਦਰਸਾਉਂਦਾ ਰਿਹਾ। ਸਮਾਰੋਹ ਦੌਰਾਨ ਸ਼੍ਰੀ ਸੰਜੀਵ ਕਾਲੜਾ, ਸ਼੍ਰੀ ਜਗਦੀਸ਼ ਸਿੰਘਲ ਅਤੇ ਡਾ. ਕਰੁਣੇਸ਼ ਗੁਪਤਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਮਾਜ ਸੇਵਾ, ਸਿੱਖਿਆ ਅਤੇ ਰਾਸ਼ਟਰ ਨਿਰਮਾਣ ਵਿੱਚ 'ਸੰਕਲਪ' ਦੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਬੁਲਾਰਿਆਂ ਨੇ ਦੇਸ਼ ਦੇ ਭਵਿੱਖ ਨੂੰ ਮਜ਼ਬੂਤ ਕਰਨ ਵਿੱਚ ਸਿੱਖਿਆ ਅਤੇ ਸੁਸ਼ਾਸਨ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੌਜਵਾਨਾਂ ਨੂੰ ਸਖ਼ਤ ਮਿਹਨਤ, ਇਮਾਨਦਾਰੀ ਅਤੇ ਸਮਾਜ ਸੇਵਾ ਦੀ ਭਾਵਨਾ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਸਿਵਲ ਸੇਵਾਵਾਂ ਵਿੱਚ ਪ੍ਰਵੇਸ਼ ਕਰਨ ਵਾਲੇ ਉਮੀਦਵਾਰਾਂ ਨੂੰ ਆਪਣੇ ਆਪ ਨੂੰ ਸਿਰਫ਼ ਅਧਿਕਾਰੀ ਬਣਨ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ, ਸਗੋਂ ਸਮਾਜ ਦੇ ਕਮਜ਼ੋਰ ਵਰਗਾਂ ਦੁਆਰਾ ਦਰਪੇਸ਼ ਚੁਣੌਤੀਆਂ ਨੂੰ ਸਮਝ ਕੇ ਲੋਕ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਪ੍ਰੋਗਰਾਮ ਦੇ ਅੰਤ ਵਿੱਚ, ਸੰਕਲਪ ਲੁਧਿਆਣਾ ਦੇ ਉਪ-ਪ੍ਰਧਾਨ ਸ਼੍ਰੀ ਰਜਤ ਸੂਦ ਨੇ ਧੰਨਵਾਦ ਪ੍ਰਗਟਾਇਆ ਅਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਮਾਣਯੋਗ ਰਾਜਪਾਲ ਅਤੇ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ।

# ਪੁਲਿਸ ਜ਼ਿਲ੍ਹਾ ਖੰਨਾ ਵਿੱਚ ਨਸ਼ਿਆਂ ਨੂੰ ਮੁਕੰਮਲ ਠੱਲ੍ਹ ਪਾਉਣ ਲਈ ਪੁਲਿਸ ਨੂੰ ਸਹਿਯੋਗ ਦਿਓ : ਡਾ. ਦਰਪਣ ਆਹਲੂਵਾਲੀਆ

## ਐਸਐਸਪੀ ਨੇ ਨਸ਼ੇ ਦੇ ਖਾਤਮੇ ਲਈ ਇੱਕ-ਜੁੱਟ ਹੋਣ ਦੀ ਕੀਤੀ ਅਪੀਲ

ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਿਆਂ ਤੋਂ ਮੁਕੰਮਲ ਤੌਰ ਉੱਤੇ ਮੁਕਤ ਕਰਨ ਲਈ ਪੰਜਾਬ ਪੁਲਿਸ ਤੇ ਪ੍ਰਸ਼ਾਸਨ ਵਲੋਂ ਆਰੰਭੀ ਹੋਈ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਨੂੰ ਪੁਲਿਸ ਜ਼ਿਲ੍ਹਾ ਖੰਨਾ ਵਿੱਚ ਸਫਲ ਬਣਾਉਣ ਦਾ ਸੱਦਾ ਦਿੰਦਿਆਂ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ) ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਹੈ ਕਿ ਨਸ਼ਿਆਂ ਖਿਲਾਫ ਲੜਾਈ ਵਿੱਚ ਸਮੂਹ ਨਾਗਰਿਕਾਂ ਦੇ ਸਰਗਰਮ ਸਹਿਯੋਗ ਦੀ ਲੋੜ ਹੈ। ਪੁਲਿਸ ਜਿਲਾ ਖੰਨਾ ਵਿੱਚ ਸੁਰੱਖਿਆ ਚ ਲੈ ਕੇ ਐਸ ਐਸ ਪੀ ਦਰਪਣ ਆਹਲੂ ਵਾਲੀਆਂ ਨੇ ਕਿਹਾ ਕਿ ਸੁਰੱਖਿਆ ਨੂੰ ਲੈ ਕੇ ਖੰਨਾ ਪੁਲਿਸ ਪੂਰੀ ਤਰਹਾਂ ਮੁਸਤੈਦ ਹੈ ਮਾੜੇ ਅੰਸਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ• ਜੋ ਵੀ ਕਾਨੂੰਨ ਦੀ ਉਲੰਘਣਾ ਕਰੇਗਾ ਉਸਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ • ਉਨ੍ਹਾਂ ਕਿਹਾ ਨਸ਼ਿਆਂ ਦਾ ਖਾਤਮਾ ਕਰਨ ਲਈ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ • ਉਹਨਾਂ ਕਿਹਾ ਕਿ ਸਮਾਜ ਵਿੱਚੋ ਨਸ਼ਿਆਂ ਦੇ ਖਾਤਮੇ ਲਈ ਇਕ ਅੰਦੋਲਨ ਹੈ ਜਿਸ ਵਿੱਚ ਹਰ ਵਰਗ ਨੂੰ ਸ਼ਾਮਿਲ ਕਰਨ ਦਾ ਮੁੱਖ ਮਕਸਦ ਇਸ ਸਮਾਜਿਕ ਬੁਰਾਈ ਦਾ ਰਲ ਮਿਲ ਕੇ ਖਾਤਮਾ ਕਰਨਾ ਮਿਥਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਆਪਣੇ ਨਿੱਜੀ ਸਵਾਰਥਾਂ ਲਈ ਭੋਲੇ-ਭਾਲੇ ਲੋਕਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਸਲਾਖਾਂ ਪਿੱਛੇ ਪਹੁੰਚਾ ਕੇ ਕਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੇ ਹੋਏ ਮਿਸਾਲੀ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਦਿੱਤੀਆਂ ਜਾਣਗੀਆਂ। ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ੇ ਨਾਲ ਸਬੰਧਤ ਕਿਸੇ ਵੀ ਗਤੀਵਿਧੀ ਬਾਰੇ ਤੁਸੀਂ ਇਤਲਾਹ ਪੁਲਿਸ ਨੂੰ ਜਰੂਰ ਦਿਓ ਪੁਲਿਸ ਵੱਲੋਂ ਬਣਦੀ ਕਾਰਵਾਈ ਜ਼ਰੂਰ ਕੀਤੀ ਜਾਵੇਗੀ।? ਉਹਨਾਂ ਨੇ ਕਿਹਾ ਕਿ ਹਰ ਪਿੰਡ ਅਤੇ ਸ਼ਹਿਰ ਵਿੱਚ ਪੁਲਿਸ ਜਨਤਕ ਸਹਿਯੋਗ ਦੇ ਲਈ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜਿਸ ਨਾਲ ਨਸ਼ਾ ਵਿਰੋਧੀ ਮੁਹਿੰਮ ਨੂੰ ਮਜ਼ਬੂਤੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦਿੰਦੇ ਹਨ ਉਨ੍ਹਾਂ ਦਾ ਨਾਮ ਅਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਪੁਲਿਸ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਕਿਸੇ ਵੀ ਨਸ਼ਾ ਤਸਕਰ ਦੀ ਮਦਦ ਕਰਦਾ ਪਾਇਆ ਜਾਵੇਗਾ ਤਾਂ ਉਸ ਵਿਰੁੱਧ ਕੇਸ ਦਰਜ ਕਰਨ ਦੇ ਨਾਲ-ਨਾਲ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਸ਼ਾਨਦਾਰ ਉਪਰਾਲੇ ਕਰਨ ਵਾਲਿਆਂ ਨੂੰ ਪੰਜਾਬ ਪੁਲਿਸ ਵੱਲੋਂ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ। ਉਹਨਾਂ ਨੇ ਕਿਹਾ ਕਿ



ਅੱਜ ਲੋੜ ਹੈ ਕਿ ਯੂਥ ਦੀ ਊਰਜਾ ਨੂੰ ਸਹੀ ਜਗ੍ਹਾ ਉੱਤੇ ਵਰਤਿਆ ਜਾਵੇ, ਜਿਸਦੇ ਬਿਹਤਰ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਸਾਡੇ ਸਾਥੀ ਭਰਾ ਰਸਤਾ ਭਟਕ ਕੇ ਗਲਤ ਰਾਹ ਪੈ ਗਏ ਹਨ ਤਾਂ ਸਾਡੀ ਇਹ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਉਹਨਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਵਿੱਚ ਉਹਨਾਂ ਦੀ ਮਦਦ ਕਰੀਏ ਕਿਉਂਕਿ ਕਿਸੇ ਮਾਂ ਦੀ ਗੋਦ ਉੱਜੜਨ ਤੋਂ ਬਚਾਉਣਾ ਦੁਨੀਆਂ ਦਾ ਸਭ ਤੋਂ ਵੱਡਾ ਕਰਮ ਹੈ। ਇਸ ਮੌਕੇ ਡਾ. ਦਰਪਣ ਆਹਲੂਵਾਲੀਆ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਹੜੇ ਵੀ ਨਾਗਰਿਕ ਗੁੰਮਰਾਹ ਹੋ ਕੇ ਨਸ਼ਿਆਂ ਦੇ ਰੋਗ ਦਾ ਸ਼ਿਕਾਰ ਹੋ ਗਏ ਹਨ ਉਨ੍ਹਾਂ ਦਾ ਇਲਾਜ ਸੰਭਵ ਹੈ ਅਤੇ ਅਜਿਹੇ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਮੁਕਤੀ ਕੇਂਦਰ ਵਿਚ ਦਾਖਲ ਕਰਵਾਇਆ ਜਾਵੇ। ਉਹਨਾਂ ਕਿਹਾ ਕਿ ਪੁਲਿਸ ਪ੍ਰਸ਼ਾਸ਼ਨ ਵਲੋਂ ਨਸ਼ਿਆਂ ਦੀ ਰੋਕਥਾਮ ਲਈ ਜਾਗਰੂਕਤਾ ਲਗਾਤਾਰ ਜਾਰੀ ਰੱਖੀ ਜਾਵੇਗੀ ਜਿਸ ਦੇ ਜਲਦ ਹੀ ਸਾਰਥਕ ਨਤੀਜੇ ਸਾਹਮਣੇ ਆਏ ਹਨ ਅਤੇ ਆਉਣਗੇ। ਉਹਨਾਂ ਨੇ ਕਿਹਾ ਕਿ ਆਪਣੇ ਘਰਾਂ, ਪਰਿਵਾਰਾਂ, ਦੋਸਤਾਂ ਅਤੇ ਆਲੇ ਦੁਆਲੇ ਨੂੰ ਨਸ਼ਾ ਮੁਕਤ ਕਰਨ ਦਾ ਟੀਚਾ ਮਿਥ ਕੇ ਪੂਰੀ ਤਨਦੇਹੀ ਨਾਲ ਉਪਰਾਲੇ ਕਰਨ ਦੀ ਲੋੜ ਹੈ ਤਾਂ ਜੋ ਇਸ ਕੋਹੜ ਦਾ ਸਫਾਇਆ ਕੀਤਾ ਜਾ ਸਕੇ। ਯੁੱਧ ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਦੇ ਹਿੱਸੇ ਵਜੋਂ ਇਸ ਮੁਹਿੰਮ ਨੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਚੇਨ ਨੂੰ ਤੋੜਨ 'ਤੇ ਧਿਆਨ ਦਿੱਤਾ ਹੈ। ਐਸ.ਐਸ.ਪੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੁਲਿਸ ਜ਼ਿਲ੍ਹਾ ਖੰਨਾ ਨੂੰ ਨਸ਼ਾ ਮੁਕਤ ਬਣਾਉਣ ਲਈ ਭਾਈਚਾਰਕ ਸੂਚਨਾ ਹੀ ਗੁਪਤ ਹਥਿਆਰ ਹੈ। ਗੈਂਗਸਟਰਾਂ 'ਤੇ ਵਾਰ ਇਹ ਪਹਿਲਕਦਮੀ ਵਿਸ਼ੇਸ਼ ਤੌਰ 'ਤੇ ਸੰਗਠਿਤ ਅਪਰਾਧ ਮਡਿਊਲਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਪੁਲਿਸ ਅਧਿਕਾਰੀਆਂ ਨੇ ਗੈਂਗਸਟਰ ਨੈੱਟਵਰਕਾਂ ਨੂੰ ਖਤਮ ਕਰਨ ਦੇ ਸਕਾਰਾਤਮਕ ਪ੍ਰਭਾਵਾਂ ਬਾਰੇ ਚਰਚਾ ਕੀਤੀ ਅਤੇ ਦੱਸਿਆ ਕਿ ਇਹਨਾਂ ਕਾਰਵਾਈਆਂ ਨੇ ਜਬਰੀ ਵਸੂਲੀ ਅਤੇ ਸੜਕੀ ਹਿੰਸਾ ਦੇ ਖਤਰੇ ਨੂੰ ਕਾਫੀ ਹੱਦ ਤੱਕ ਘੱਟ ਕੀਤਾ ਹੈ। ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਪੁਲਿਸ ਸਿਰਫ ਓਨੀ ਹੀ ਪ੍ਰਭਾਵਸ਼ਾਲੀ ਹੋ ਸਕਦੀ ਹੈ ਜਿੰਨਾ ਉਹ ਭਾਈਚਾਰਾ, ਜਿਸਦੀ ਉਹ ਸੇਵਾ ਕਰਦੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਜ਼ਿਲ੍ਹਾ ਖੰਨਾ ਦੇ ਲੋਕ ਅਪਰਾਧ ਵਿਰੁੱਧ ਸਾਡੀ ਲੜਾਈ ਵਿੱਚ ਬਰਾਬਰ ਦੇ ਭਾਈਵਾਲ ਹਨ। ਉਨ੍ਹਾਂ ਕਿਹਾ ਕਿ ਮੋਹਤਬਰ ਵਿਅਕਤੀ ਅਤੇ ਲੋਕ ਪੁਲਿਸ ਜ਼ਿਲ੍ਹਾ ਖੰਨਾ ਦੀ ਸੁਰੱਖਿਆ ਰਣਨੀਤੀ ਦੀ ਰੀੜ੍ਹ ਦੀ ਹੱਡੀ ਬਣੇ ਰਹਿਣਗੇ। ਇਸ ਮੌਕੇ ਪੁਲਿਸ ਜਿਲ੍ਹਾ ਖੰਨਾ ਦੇ ਸਾਰੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਸਖਤ ਨਿਰਦੇਸ਼ ਦਿੱਤੇ ਗਏ ਕਿ ਨਸ਼ਿਆਂ ਅਤੇ ਸੁਰੱਖਿਆ ਨੂੰ ਲੈ ਕੇ ਕੋਈ ਵੀ ਕੁਤਾਹੀ ਨਾ ਵਰਤੀ ਜਾਵੇ। ਇਸ ਮੌਕੇ ਉਹਨਾਂ ਨਾਲ ਸੀਨੀਅਰ ਪੁਲਿਸ ਅਧਿਕਾਰੀ ਐਸਪੀ ਹੈਡ ਕੁਆਰਟਰ ਹਰਪਿੰਦਰ ਕੌਰ ਗਿੱਲ, ਐਸਪੀਡੀ ਪਵਨਦੀਪ ਚੌਧਰੀ ਡੀਐਸਪੀ ਖੰਨਾ ਵਿਨੋਦ ਕੁਮਾਰ ਅਤੇ ਵੱਖ-ਵੱਖ ਥਾਣਿਆਂ ਦੇ ਐਸਐਚਓ ਆਦਿ ਮੌਜੂਦ ਹਨ।

# ਗਾਇਕਾ ਹਰਜੀਤ ਰਾਣੋ ਬਣੇ ਕਾਂਗਰਸ ਮਹਿਲਾ ਵਿੰਗ ਦੇ ਹਲਕਾ ਖੰਨਾ ਕੋ-ਆਰਡੀਨੇਟਰ

ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**



ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਵੱਲੋਂ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਜ਼ਮੀਨੀ ਪੱਧਰ 'ਤੇ ਸਰਗਰਮੀ ਨਾਲ ਕੰਮ ਕਰਨ ਵਾਲੇ ਵਰਕਰਾਂ ਨੂੰ ਲਗਾਤਾਰ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਜਾ ਰਹੀਆਂ ਹਨ। ਇਸੇ ਕੜੀ ਤਹਿਤ ਪ੍ਰਸਿੱਧ ਪੰਜਾਬੀ ਗਾਇਕਾ ਹਰਜੀਤ ਰਾਣੋ (ਹਰਜੀਤ ਕੌਰ) ਨੂੰ ਵਿਧਾਨ ਸਭਾ ਹਲਕਾ ਖੰਨਾ ਲਈ ਕਾਂਗਰਸ ਮਹਿਲਾ ਵਿੰਗ ਦਾ ਕੋ-ਆਰਡੀਨੇਟਰ ਨਿਯੁਕਤ ਕੀਤਾ ਗਿਆ। ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਉਨ੍ਹਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਵਧਾਈ ਦਿੱਤੀ ਅਤੇ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਗੁਰਕੀਰਤ ਸਿੰਘ ਕੋਟਲੀ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਮਿਹਨਤੀ, ਇਮਾਨਦਾਰ ਅਤੇ ਸਮਰਪਿਤ ਵਰਕਰਾਂ ਨੂੰ ਬਣਦਾ ਮਾਣ ਦਿੰਦੀ ਹੈ। ਉਨ੍ਹਾਂ ਕਿਹਾ ਕਿ ਮਹਿਲਾ ਕਾਂਗਰਸ ਸੰਗਠਨ ਨੂੰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ ਅਤੇ ਹਰਜੀਤ ਰਾਣੋ ਆਪਣੀ ਨਿਸ਼ਠਾ, ਮਿਹਨਤ ਅਤੇ ਇਮਾਨਦਾਰੀ ਨਾਲ ਹਲਕਾ ਖੰਨਾ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰਭਾਵਸ਼ਾਲੀ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਦੀਆਂ ਲੋਕ ਵਿਰੋਧੀ ਅਤੇ ਮੁਲਾਜ਼ਮ ਵਿਰੋਧੀ ਨੀਤੀਆਂ ਤੋਂ ਨਿਰਾਸ਼ ਹੋ ਚੁੱਕੀ ਹੈ। ਲੋਕ ਹੁਣ ਬਦਲਾਅ ਚਾਹੁੰਦੇ ਹਨ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ-2027 ਵਿੱਚ ਕਾਂਗਰਸ ਪਾਰਟੀ

**ਕਾਂਗਰਸ ਪਾਰਟੀ ਦੀ ਮਜ਼ਬੂਤੀ ਵਿੱਚ ਮਹਿਲਾ ਕਾਂਗਰਸ ਦੀ ਭੂਮਿਕਾ ਅਹਿਮ: ਗੁਰਕੀਰਤ ਸਿੰਘ ਕੋਟਲੀ**

ਨੂੰ ਮੁੜ ਸੱਤਾ ਵਿੱਚ ਲਿਆਉਣ ਦਾ ਮਨ ਬਣਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੇ ਮੁੱਦਿਆਂ ਨੂੰ ਲਗਾਤਾਰ ਉਠਾ ਰਹੀ ਹੈ ਅਤੇ ਹਰ ਵਰਗ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ। ਨਿਯੁਕਤੀ ਤੋਂ ਬਾਅਦ ਹਰਜੀਤ ਰਾਣੋ ਨੇ ਪਾਰਟੀ ਹਾਈਕਮਾਨ ਅਤੇ ਗੁਰਕੀਰਤ ਸਿੰਘ ਕੋਟਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਨਿਭਾਉਣਗੇ। ਉਹ ਮਹਿਲਾਵਾਂ ਨੂੰ ਵੱਧ ਤੋਂ ਵੱਧ ਕਾਂਗਰਸ ਪਾਰਟੀ ਨਾਲ ਜੋੜਨ ਅਤੇ ਹਲਕੇ ਵਿੱਚ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਮੌਕੇ ਬਲਾਕ ਕਾਂਗਰਸ ਖੰਨਾ ਸ਼ਹਿਰ ਦੇ ਪ੍ਰਧਾਨ ਐਡਵੋਕੇਟ ਰਾਜੀਵ ਰਾਏ ਮਹਿਤਾ, ਬਲਾਕ ਕਾਂਗਰਸ ਖੰਨਾ ਦਿਹਾਤੀ ਦੇ ਪ੍ਰਧਾਨ ਹਰਜਿੰਦਰ ਸਿੰਘ ਇਕੋਲਾਹਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਕਮਲਜੀਤ ਸਿੰਘ ਲੱਧੜ, ਗਾਇਕ ਸਾਗਰ ਬਰਨ, ਗਾਇਕ ਹੈਰੀ ਸੇਖੋਂ, ਹਰਿੰਦਰ ਸਿੰਘ ਰਿੰਟਾ, ਅਮਰੀਸ਼ ਕਾਲੀਆ ਅਤੇ ਹੋਰ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕੈਸ਼ਲੈੱਸ ਐਮਰਜੈਂਸੀ ਦਿਲ ਦੇ ਇਲਾਜ ਨਾਲ ਪੰਜਾਬ ਵਿੱਚ ਬਚ ਰਹੀਆਂ ਹਨ ਅਣਗਿਣਤ ਜਾਨਾਂ

## ਸਮੇਂ ਸਿਰ ਇਲਾਜ ਲਈ ਪੈਸਿਆਂ ਦਾ ਪ੍ਰਬੰਧ ਨਾ ਹੋਣ ਕਰਕੇ ਕੋਈ ਵੀ ਪਰਿਵਾਰ ਹੁਣ ਆਪਣੇ ਪਰਿਵਾਰਕ ਮੈਂਬਰ ਨੂੰ ਨਹੀਂ ਗੁਆਏਗਾ-ਡਾ. ਬਲਬੀਰ ਸਿੰਘ

ਜ਼ਿਕਰ ਪੰਜਾਬ

**ਚੰਡੀਗੜ੍ਹ** : ਜਦੋਂ ਮਲੇਰਕੋਟਲਾ ਦੇ ਰਹਿਣ ਵਾਲੇ ਸ਼ੇਖ ਜ਼ੀਸ਼ਾਨ ਕੁਰੈਸ਼ੀ ਨੂੰ ਦਿਲ ਦੀ ਗੰਭੀਰ ਸਮੱਸਿਆ ਹੋਈ ਤਾਂ ਉਨ੍ਹਾਂ ਨੂੰ ਤੁਰੰਤ ਇਲਾਜ ਦੀ ਲੋੜ ਪਈ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਦੀ ਪਰਕਿਊਟੇਨਿਅਸ ਟ੍ਰਾਂਸਲਿਊਮਿਨਲ ਕੋਰੋਨਰੀ ਐਂਜਿਓਪਲਾਸਟੀ (ਪੀਟੀਸੀਏ), ਜਿਸਨੂੰ ਆਮ ਤੌਰ 'ਤੇ ਐਂਜਿਓਪਲਾਸਟੀ ਕਿਹਾ ਜਾਂਦਾ ਹੈ, ਦੇ ਨਾਲ ਡਾਇਗਨੋਸਟਿਕ ਐਂਜਿਓਗ੍ਰਾਮ ਕੀਤਾ। ਪੀਟੀਸੀਏ ਇੱਕ ਜੀਵਨ ਬਚਾਉਣ ਵਾਲੀ ਪ੍ਰਕਿਰਿਆ ਹੈ, ਜਿਸ ਰਾਹੀਂ ਦਿਲ ਦੀਆਂ ਧਮਨੀਆਂ ਵਿੱਚ ਆਈ ਰੁਕਾਵਟ ਨੂੰ ਦੂਰ ਕਰਕੇ ਖੂਨ ਦਾ ਪ੍ਰਵਾਹ ਮੁੜ ਬਹਾਲ ਕੀਤਾ ਜਾਂਦਾ ਹੈ। ਡਾਕਟਰਾਂ ਦੇ ਅਨੁਸਾਰ ਹਾਰਟ ਅਟੈਕ ਦੌਰਾਨ ਹਰ ਮਿੰਟ ਬਹੁਤ ਮਹੱਤਵਪੂਰਨ ਹੁੰਦਾ ਹੈ, ਕਿਉਂਕਿ ਇਲਾਜ ਵਿੱਚ ਦੇਰੀ ਨਾਲ ਦਿਲ ਨੂੰ ਸਥਾਈ ਨੁਕਸਾਨ ਪਹੁੰਚ ਸਕਦਾ ਹੈ ਅਤੇ ਮੌਤ ਦਾ ਖ਼ਤਰਾ ਵੱਧ ਜਾਂਦਾ ਹੈ। ਪਰ ਕਈ ਪਰਿਵਾਰਾਂ ਲਈ ਐਮਰਜੈਂਸੀ ਇਲਾਜ ਲਈ ਤੁਰੰਤ ਪੈਸਿਆਂ ਦਾ ਪ੍ਰਬੰਧ ਕਰਨਾ ਮੁਸ਼ਕਲ ਹੁੰਦਾ ਹੈ, ਜਿਸ ਕਾਰਨ ਇਲਾਜ ਵਿੱਚ ਕਾਫ਼ੀ ਦੇਰੀ ਹੋ ਜਾਂਦੀ ਹੈ। ਭਗਵੰਤ ਮਾਨ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਇਸ ਆਰਥਿਕ ਰੁਕਾਵਟ ਨੂੰ ਦੂਰ ਕਰਦਿਆਂ ਯੋਗ ਪਰਿਵਾਰਾਂ ਨੂੰ ਕੈਸ਼ਲੈੱਸ ਇਲਾਜ ਮੁਹੱਈਆ ਕਰਵਾ ਰਹੀ ਹੈ। ਸ਼ੇਖ ਜ਼ੀਸ਼ਾਨ ਕੁਰੈਸ਼ੀ ਦੇ ਮਾਮਲੇ ਵਿੱਚ 80,320 ਰੁਪਏ ਦੇ ਇਲਾਜ ਦਾ ਸਾਰਾ ਖ਼ਰਚਾ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਵਰ ਕੀਤਾ ਗਿਆ। ਸ਼ੇਖ ਜ਼ੀਸ਼ਾਨ ਕੁਰੈਸ਼ੀ ਨੇ ਕਿਹਾ, "ਮੇਰੇ ਅਤੇ ਮੇਰੇ ਪਰਿਵਾਰ ਲਈ ਇਹ ਬਹੁਤ ਵੱਡੀ ਰਾਹਤ ਸੀ ਕਿ ਮੇਰਾ ਇਲਾਜ ਸਮੇਂ ਸਿਰ ਅਤੇ ਬਿਨਾਂ ਕਿਸੇ ਆਰਥਿਕ ਬੋਝ ਦੇ ਹੋ ਗਿਆ। ਮੁੱਖ ਮੰਤਰੀ ਸਿਹਤ ਯੋਜਨਾ ਨੇ ਪੰਜਾਬ ਭਰ ਦੇ ਲੋਕਾਂ ਲਈ ਐਮਰਜੈਂਸੀ ਸਿਹਤ ਸੇਵਾਵਾਂ ਤੱਕ ਪਹੁੰਚ ਹੋਰ ਆਸਾਨ ਬਣਾ ਦਿੱਤੀ ਹੈ। ਰਾਜ ਸਿਹਤ ਏਜੰਸੀ (ਐਸਐਚਏ), ਪੰਜਾਬ ਅਨੁਸਾਰ, ਪਿਛਲੇ ਪੰਜ ਮਹੀਨਿਆਂ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 6,000 ਤੋਂ ਵੱਧ ਕਾਰਡਿਅਕ ਪ੍ਰਕਿਰਿਆਵਾਂ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਪੀਟੀਸੀਏ ਪ੍ਰਕਿਰਿਆਵਾਂ ਸ਼ਾਮਲ ਹਨ, ਜਿਸ ਨਾਲ ਮਰੀਜ਼ਾਂ ਨੂੰ ਹਸਪਤਾਲ ਦੇ ਖ਼ਰਚ ਦੀ ਚਿੰਤਾ ਤੋਂ ਬਿਨਾਂ ਤੁਰੰਤ ਇਲਾਜ ਮਿਲ ਸਕਿਆ। ਡਾਇਗਨੋਸਟਿਕ ਐਂਜਿਓਗ੍ਰਾਮ ਸਮੇਤ ਪੀਟੀਸੀਏ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 64.82 ਕਰੋੜ ਰੁਪਏ ਦੇ ਖ਼ਰਚ ਨਾਲ ਦੂਜੀ ਸਭ ਤੋਂ ਵੱਧ ਖ਼ਰਚ ਵਾਲੀ ਇਲਾਜ ਸ਼੍ਰੇਣੀ ਹੈ, ਜੋ ਸਿਰਫ਼ ਗੋਡੇ ਬਦਲਣ (ਨੀ ਰਿਪਲੇਸਮੈਂਟ) ਤੋਂ ਬਾਅਦ ਆਉਂਦੀ ਹੈ। ਇਸ ਇਲਾਜ ਦਾ ਲਾਭ ਹੁਣ ਤੱਕ ਪੰਜਾਬ ਦੇ 6,138 ਮਰੀਜ਼ਾਂ ਨੂੰ ਮਿਲਿਆ ਹੈ ਅਤੇ ਮਰੀਜ਼ਾਂ ਦੀ ਗਿਣਤੀ ਦੇ ਆਧਾਰ 'ਤੇ ਇਹ ਯੋਜਨਾ ਵਿੱਚ ਛੇਵੇਂ ਸਥਾਨ 'ਤੇ ਹੈ। ਪ੍ਰਤੀ ਮਾਮਲਾ ਔਸਤ ਇਲਾਜ ਲਾਗਤ 1,05,611 ਰੁਪਏ (ਲਗਭਗ 1.06 ਲੱਖ ਰੁਪਏ) ਰਹੀ ਹੈ। ਹਾਲਾਂਕਿ, ਹਰ ਮਰੀਜ਼ ਦੀ ਸਥਿਤੀ ਅਨੁਸਾਰ ਇਲਾਜ ਦੀ ਲਾਗਤ ਵੱਖ-ਵੱਖ ਹੋ ਸਕਦੀ ਹੈ। ਹਾਰਟ ਅਟੈਕ ਦੌਰਾਨ ਪੀਟੀਸੀਏ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਜੀਵਨ ਬਚਾਉਣ ਵਾਲਾ ਇਲਾਜ ਹੈ, ਜਿਸ ਨੂੰ ਸਮੇਂ ਸਿਰ ਕਰਨਾ ਮਰੀਜ਼ ਦੀ ਜਾਨ ਬਚਾਉਣ ਲਈ ਬੇਹੱਦ ਜ਼ਰੂਰੀ ਹੁੰਦਾ ਹੈ। ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਉਪਲੱਬਧ ਕੈਸ਼ਲੈੱਸ ਸਹੂਲਤ ਸਦਕਾ ਹਸਪਤਾਲ ਆਰਥਿਕ ਰਸਮੀ ਕਾਰਵਾਈਆਂ ਦੀ ਉਡੀਕ ਕੀਤੇ ਬਿਨਾਂ ਤੁਰੰਤ ਇਲਾਜ ਸ਼ੁਰੂ ਕਰ ਸਕਦੇ ਹਨ। ਇਸੇ ਤਰ੍ਹਾਂ ਗੁਰਦਾਸਪੁਰ ਜ਼ਿਲ੍ਹੇ ਦੀ 60 ਸਾਲਾ ਹਰਜਿੰਦਰ ਕੌਰ ਨੇ ਵੀ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਲਿਆ। ਅੰਮ੍ਰਿਤਸਰ ਦੇ ਮਹਾਜਨ ਹਸਪਤਾਲ ਵਿੱਚ ਉਨ੍ਹਾਂ ਦੀ ਪੀਟੀਸੀਏ, ਡਾਇਗਨੋਸਟਿਕ ਐਂਜਿਓਗ੍ਰਾਮ ਅਤੇ ਅਸਥਾਈ ਪੇਸਮੇਕਰ ਇੰਪਲਾਂਟੇਸ਼ਨ ਕੀਤਾ ਗਿਆ। ਉਨ੍ਹਾਂ ਦੇ ਪੁੱਤਰ ਗੁਰਮੀਤ ਸਿੰਘ, ਜੋ ਇੱਕ ਕਿਸਾਨ ਹਨ, ਨੇ ਦੱਸਿਆ ਕਿ ਉਹ ਆਪਣੇ ਪੱਧਰ 'ਤੇ ਇਸ ਇਲਾਜ ਦਾ ਖ਼ਰਚ ਨਹੀਂ ਝੱਲ ਸਕਦੇ ਸਨ। ਉਨ੍ਹਾਂ ਕਿਹਾ, "ਜੇ ਸਿਹਤ ਕਾਰਡ ਨਾ ਹੁੰਦਾ ਤਾਂ ਮੈਂ ਆਪਣੀ ਮਾਂ ਦਾ ਇਲਾਜ ਨਹੀਂ ਕਰਵਾ ਸਕਦਾ ਸੀ। ਇਲਾਜ ਦਾ ਖ਼ਰਚ ਸਾਡੀ ਸਮਰੱਥਾ ਤੋਂ ਬਾਹਰ ਸੀ। ਅੱਜ ਮੇਰੀ ਮਾਂ ਮੁੱਖ ਮੰਤਰੀ ਸਿਹਤ ਯੋਜਨਾ ਦੀ ਬਦੌਲਤ ਠੀਕ ਹੋ ਰਹੀ ਹੈ। ਸਰਕਾਰੀ ਮੈਡੀਕਲ ਕਾਲਜ ਅਤੇ ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਕਾਰਡੀਓਲੋਜੀ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਅਤੇ ਮੁਖੀ ਡਾ. ਸੌਰਭ ਸ਼ਰਮਾ ਨੇ ਕਿਹਾ ਕਿ ਪੀਟੀਸੀਏ ਹਾਰਟ ਅਟੈਕ ਦੇ ਮਰੀਜ਼ਾਂ ਲਈ ਸਭ ਤੋਂ ਮਹੱਤਵਪੂਰਨ ਐਮਰਜੈਂਸੀ ਇਲਾਜਾਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ, "ਇਲਾਜ ਵਿੱਚ ਹਰ ਮਿੰਟ ਦੀ ਦੇਰੀ ਨਾਲ ਦਿਲ ਨੂੰ ਸਥਾਈ ਨੁਕਸਾਨ ਪਹੁੰਚਣ ਦਾ ਖ਼ਤਰਾ ਵੱਧ ਜਾਂਦਾ ਹੈ। ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕੈਸ਼ਲੈੱਸ ਇਲਾਜ ਉਪਲੱਬਧ ਹੋਣ ਕਾਰਨ ਡਾਕਟਰ ਪਰਿਵਾਰ ਵੱਲੋਂ ਪੈਸਿਆਂ ਦਾ ਪ੍ਰਬੰਧ ਕਰਨ ਦੀ ਉਡੀਕ ਕੀਤੇ ਬਿਨਾਂ ਤੁਰੰਤ ਇਲਾਜ ਸ਼ੁਰੂ ਕਰ ਸਕਦੇ ਹਨ।

# ਨਸ਼ੇ ਸਮੇਤ ਸਮਾਜ ਦੀ ਹਰ ਸਮੱਸਿਆ ਦਾ ਮੂਲ ਕਾਰਨ ਭ੍ਰਿਸ਼ਟਾਚਾਰ : ਨਿਰੰਜਨ ਸਿੰਘ

ਜ਼ਿਕਰ ਪੰਜਾਬ

**ਮੋਗਾ** : ਸਾਡੇ ਸਮਾਜ ਵਿੱਚ ਭ੍ਰਿਸ਼ਟਾਚਾਰ ਐਨੀ ਵੱਡੀ ਪੱਧਰ ਤੇ ਫੈਲ ਚੁੱਕਿਆ ਹੈ ਕਿ ਇਹ ਕਈ ਰੂਪਾਂ ਵਿੱਚ ਸਾਨੂੰ ਪ੍ਰਭਾਵਿਤ ਕਰ ਰਿਹਾ ਹੈ। ਜਰੂਰੀ ਨਹੀਂ ਕਿ ਕੋਈ ਨਜਾਇਜ ਕੰਮ ਕਰਵਾਉਣ ਬਦਲੇ ਦਿੱਤੀ ਗਈ ਰਾਸ਼ੀ ਭ੍ਰਿਸ਼ਟਾਚਾਰ ਹੈ ਬਲਕਿ ਆਪਣੀ ਡਿਊਟੀ ਪ੍ਰਤੀ ਕੁਤਾਹੀ ਜਾਂ ਗੈਰ ਜਿੰਮੇਵਾਰੀ ਵੀ ਭ੍ਰਿਸ਼ਟਾਚਾਰ ਹੈ। ਅੱਜ ਪੰਜਾਬ ਵਿੱਚ ਨਸ਼ਿਆਂ ਸਮੇਤ ਹਰ ਸਮੱਸਿਆ ਦਾ ਮੂਲ ਕਾਰਨ ਭ੍ਰਿਸ਼ਟਾਚਾਰ ਹੀ ਹੈ, ਜਿਸ ਨੂੰ ਖਤਮ ਕਰਨ ਲਈ ਇਮਾਨਦਾਰ ਅਤੇ ਸੁਹਿਰਦ ਲੋਕਾਂ ਦਾ ਇੱਕ ਮੰਚ ਤੇ ਇਕੱਤਰ ਹੋਣਾ ਜਰੂਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਈ ਡੀ ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਨੇ ਅੱਜ ਹੋਟਲ ਬਿਗ ਬੈਨ ਵਿਖੇ ਸਿਵਲ ਸੁਸਾਇਟੀ ਮੋਗਾ ਵੱਲੋਂ ਆਯੋਜਿਤ ਮਾਲਵੇ ਦੇ ਅੱਠ ਜਿਲਿਆਂ ਦੇ ਸਮਾਜ ਸੇਵੀਆਂ ਨਾਲ ਮੀਟਿੰਗ ਕਰਕੇ ਵਿਚਾਰ ਚਰਚਾ ਕਰਨ ਉਪਰੰਤ ਸੰਬੋਧਨ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਆਪਣੀ ਸਰਵਿਸ



ਦੌਰਾਨ ਉਨ੍ਹਾਂ ਨੇ 70 ਦੇ ਕਰੀਬ ਨਸ਼ੇ ਦੇ ਵੱਡੇ ਸੁਦਾਗਰਾਂ ਖਿਲਾਫ ਕੇਸ ਦਰਜ ਕੀਤੇ ਸਨ, ਜਿਨ੍ਹਾਂ ਵਿੱਚੋਂ 25 ਨੂੰ ਸਜਾ ਹੋ ਚੁੱਕੀ ਹੈ ਤੇ 45 ਕੇਸਾਂ ਦੀ ਪੈਰਵਾਈ ਹਾਲੇ ਵੀ ਉਹ ਆਪਣੇ ਖਰਚੇ ਤੇ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਪੂਰਨ ਤੌਰ ਤੇ ਖਤਮ ਕਰਨਾ ਭਾਵੇਂ ਅਸੰਭਵ ਹੈ ਪਰ ਫਿਰ ਵੀ ਜੇਕਰ ਸਰਕਾਰ ਇਮਾਨਦਾਰੀ ਨਾਲ ਕੋਸ਼ਿਸ਼ ਕਰੇ ਤਾਂ ਨਸ਼ੇ ਕਾਰਨ ਮਰਨ ਵਾਲਿਆਂ ਦੀ ਮੌਤ ਦਰ ਬਹੁਤ ਘੱਟ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਪੂਰੇ ਪੰਜਾਬ ਵਿੱਚ ਸਮਾਜ ਸੇਵੀ ਲੋਕਾਂ ਨਾਲ ਮੀਟਿੰਗਾਂ ਕਰਕੇ ਇੱਕ ਅਜਿਹੀ ਟੀਮ ਤਿਆਰ ਕਰਾਂਗਾ ਜੋ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਸਮੇਤ ਸਮਾਜ ਦੀ ਹਰ ਬੁਰਾਈ ਨੂੰ ਜੜੋਂ ਪੁੱਟਣ ਲਈ ਜਮੀਨੀ ਪੱਧਰ ਤੇ ਕੰਮ ਕਰੇਗੀ ਤੇ ਸਰਕਾਰਾਂ ਨੂੰ ਵੀ ਇਮਾਨਦਾਰੀ ਨਾਲ ਕੰਮ ਕਰਨ ਲਈ ਮਜਬੂਰ ਕਰੇਗੀ।

# ਅੰਮ੍ਰਿਤਸਰ ਵਿੱਚ ਮਾਤਾ ਸੀਤਾ ਅਤੇ ਲਵ-ਕੁਸ਼ ਨੂੰ ਸਮਰਪਿਤ ਵਿਸ਼ਾਲ ਮੰਦਰ ਬਣਾਇਆ ਜਾਵੇਗਾ: ਮਾਨ, ਅਰਵਿੰਦ ਕੇਜਰੀਵਾਲ

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਭਾਰਤ ਦੀ ਅਧਿਆਤਮਿਕ ਵਿਰਾਸਤ ਨੂੰ ਸੰਭਾਲਣ ਅਤੇ ਸਨਾਤਨ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੰਮ੍ਰਿਤਸਰ ਵਿਖੇ 'ਇੱਕ ਸ਼ਾਮ ਭਗਵਾਨ ਸ਼ਿਵ ਜੀ ਕੇ ਨਾਮ' ਭਜਨ ਸੰਧਿਆ ਦੌਰਾਨ ਹਜ਼ਾਰਾਂ ਸ਼ਰਧਾਲੂਆਂ ਨਾਲ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਨੇ ਪੰਜਾਬ ਦੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਹੋਰ ਅਮੀਰ ਕਰਨ ਲਈ ਕਈ ਇਤਿਹਾਸਕ ਪਹਿਲਕਦਮੀਆਂ ਦਾ ਐਲਾਨ ਕੀਤਾ। ਇਨ੍ਹਾਂ ਵਿੱਚ ਅੰਮ੍ਰਿਤਸਰ ਵਿੱਚ ਮਾਤਾ ਸੀਤਾ, ਮਾਤਾ ਜਾਨਕੀ ਅਤੇ ਲਵ-ਕੁਸ਼ ਨੂੰ ਸਮਰਪਿਤ ਵਿਸ਼ਾਲ ਮੰਦਰ ਦਾ ਨਿਰਮਾਣ, ਨਵੇਂ ਤੀਰਥ ਯਾਤਰਾ ਰੂਟ ਦੇ ਨਾਲ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦਾ ਵਿਸਥਾਰ, ਇਕ ਅਗਸਤ ਤੋਂ ਪੂਰੇ ਪੰਜਾਬ ਵਿੱਚ ਅਧਿਆਤਮਿਕ ਨਾਟਕ 'ਹਮਾਰੇ ਰਾਮ' ਦੀ ਪੇਸ਼ਕਾਰੀ ਅਤੇ ਪਟਿਆਲਾ ਦੇ ਇਤਿਹਾਸਕ ਕਾਲੀ ਮਾਤਾ ਮੰਦਰ ਦੇ ਚੱਲ ਰਹੇ 80 ਕਰੋੜ ਰੁਪਏ ਦੇ ਨਵੀਨੀਕਰਨ ਦਾ ਕੰਮ ਸ਼ਾਮਲ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਮਿੱਟੀ ਨੇ ਹਮੇਸ਼ਾ ਹੀ ਆਸਥਾ, ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ ਹੈ। ਮੁੱਖ ਮੰਤਰੀ ਨੇ ਸਤਿਕਾਰਯੋਗ ਪੂਜਾ ਅਸਥਾਨਾਂ ਦੀ ਸੰਭਾਲ ਕਰਨ, ਅਧਿਆਤਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਲੋਕਾਂ ਦੀਆਂ ਧਾਰਮਿਕ ਇੱਛਾਵਾਂ ਦਾ ਪੂਰੀ ਇਮਾਨਦਾਰੀ ਅਤੇ ਸ਼ਰਧਾ ਭਾਵਨਾ ਨਾਲ ਸਤਿਕਾਰ ਕਰਨ ਦੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੰਮ੍ਰਿਤਸਰ ਵਿੱਚ ਮਾਤਾ ਜਾਨਕੀ ਅਤੇ ਲਵ-ਕੁਸ਼ ਨੂੰ ਸਮਰਪਿਤ ਵਿਸ਼ਾਲ ਮੰਦਰ ਬਣਾਉਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ, "ਇਹ ਖ਼ੂਬਸੂਰਤ ਤਰੀਕੇ ਨਾਲ ਡਿਜ਼ਾਈਨ ਕੀਤਾ ਗਿਆ ਮੰਦਰ ਮਾਤਾ ਜਾਨਕੀ, ਲਵ ਅਤੇ ਕੁਸ਼ ਦੀ ਸ਼ਾਨਦਾਰ ਵਿਰਾਸਤ ਨੂੰ ਸੰਭਾਲੇਗਾ। ਪੰਜਾਬ ਸਰਕਾਰ ਇਸ ਪਵਿੱਤਰ ਧਰਤੀ 'ਤੇ ਇਸ ਸ਼ਾਨਦਾਰ ਮੰਦਰ ਦੇ ਨਿਰਮਾਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਇਹ ਆਸਥਾ ਦੇ ਇੱਕ ਵੱਡੇ ਕੇਂਦਰ ਵਜੋਂ ਉਭਰੇਗਾ ਅਤੇ ਦੁਨੀਆ ਭਰ ਦੇ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਆਕਰਸ਼ਿਤ ਕਰੇਗਾ, ਕਿਉਂਕਿ ਲਵ ਅਤੇ ਕੁਸ਼



ਦਾ ਜਨਮ ਅਤੇ ਸਿੱਖਿਆ ਇੱਥੇ ਹੀ ਹੋਈ ਸੀ। ਅੰਮ੍ਰਿਤਸਰ ਨੂੰ ਫ਼ਰਕੂ ਸਦਭਾਵਨਾ ਦਾ ਪ੍ਰਤੀਕ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਵਿੱਤਰ ਸ਼ਹਿਰ ਅੰਮ੍ਰਿਤਸਰ ਪੂਰੀ ਦੁਨੀਆ ਨੂੰ ਇਨਸਾਨੀਅਤ ਅਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦਾ ਹੈ। ਹਰ ਧਰਮ ਦੇ ਲੋਕ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ, ਗੁਰਬਾਣੀ ਕੀਰਤਨ ਸਰਵਣ ਕਰਨ, ਜਲ੍ਹਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ, ਦੁਰਗਿਆਣਾ ਮੰਦਰ ਵਿੱਚ ਪ੍ਰਾਰਥਨਾ ਕਰਨ ਅਤੇ ਵਾਹਗਾ ਬਾਰਡਰ 'ਤੇ ਸਾਡੇ ਸੈਨਿਕਾਂ ਦੀ ਬਹਾਦਰੀ ਦੇਖਣ ਲਈ ਆਉਂਦੇ ਹਨ। ਪੰਜਾਬ ਨੂੰ ਸੰਤਾਂ ਤੇ ਮਹਾਨ ਗੁਰੂਆਂ ਦੀ ਧਰਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ, "ਪੰਜਾਬ ਦੀ ਮਿੱਟੀ ਇੰਨੀ ਉਪਜਾਊ ਹੈ ਕਿ ਇੱਥੇ ਨਫ਼ਰਤ ਦੇ ਬੀਜ ਨੂੰ ਛੱਡ ਕੇ ਹਰ ਬੀਜ ਉੱਗਦਾ ਹੈ। ਅਸੀਂ ਰਾਮ ਨੌਮੀ, ਗੁਰਪੁਰਬ, ਹਨੂਮਾਨ ਜੈਅੰਤੀ, ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ, ਈਦ ਅਤੇ ਹਰ ਤਿਉਹਾਰ ਰਲ-ਮਿਲ ਕੇ ਮਨਾਉਂਦੇ ਹਾਂ। ਅੱਜ ਵੱਖ-ਵੱਖ ਧਰਮਾਂ ਦੇ ਸ਼ਰਧਾਲੂ ਹੰਸਰਾਜ ਰਘੂਵੰਸ਼ੀ ਜੀ ਦੇ ਸੁਰੀਲੇ ਭਜਨਾਂ ਰਾਹੀਂ ਭਗਵਾਨ ਸ਼ਿਵ ਦੀ ਭਗਤੀ ਵਿੱਚ ਲੀਨ ਹੋਣ ਲਈ ਇੱਥੇ ਇਕੱਠੇ ਹੋਏ ਹਨ। ਭਗਤੀ ਪ੍ਰੋਗਰਾਮ 'ਇੱਕ ਸ਼ਾਮ ਸ਼ਿਵਜੀ ਕੇ ਨਾਮ', ਜੋ ਜਲੰਧਰ ਤੋਂ ਸ਼ੁਰੂ ਹੋਇਆ ਸੀ ਅਤੇ ਜਿਸ ਨੂੰ ਸ਼ਰਧਾਲੂਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਸੀ, ਅੱਜ ਅੰਮ੍ਰਿਤਸਰ ਵਿੱਚ ਵੀ ਡੂੰਘੀ ਆਸਥਾ ਅਤੇ ਅਧਿਆਤਮਿਕ ਸ਼ਰਧਾ ਦੇ ਮਾਹੌਲ ਦਾ ਗਵਾਹ ਬਣਿਆ। 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਰਧਾਲੂਆਂ ਨਾਲ ਮਿਲ ਕੇ ਭਗਵਾਨ ਸ਼ਿਵ ਦੀ ਪੂਜਾ ਅਰਚਨਾ ਵਿੱਚ ਸ਼ਾਮਲ ਹੋਏ। ਆਗੂਆਂ ਨੇ ਪਵਿੱਤਰ ਤਿਲਕ ਲਗਵਾਇਆ ਅਤੇ ਹਜ਼ਾਰਾਂ ਸ਼ਰਧਾਲੂਆਂ ਦੇ ਨਾਲ ਭਗਤੀ ਪ੍ਰੋਗਰਾਮ ਵਿੱਚ ਹਿੱਸਾ ਲਿਆ, ਜਦੋਂ ਕਿ ਪੂਰਾ ਪੰਡਾਲ "ਹਰ ਹਰ ਮਹਾਦੇਵ"ਦੇ ਜੈਕਾਰਿਆਂ ਅਤੇ ਸ਼ਿਵ ਭਜਨਾਂ ਨਾਲ ਗੂੰਜ ਉੱਠਿਆ। ਸਨਾਤਨ ਪਰੰਪਰਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਲੋਕਾਂ ਦੇ ਅਧਿਆਤਮਿਕ ਸੰਪਰਕ ਨੂੰ ਮਜ਼ਬੂਤ ਕਰਨ ਲਈ ਉਲੀਕਿਆ ਗਿਆ ਇਹ ਪ੍ਰੋਗਰਾਮ ਸ਼ਰਧਾਲੂਆਂ ਨੂੰ ਭਗਤੀ ਸੰਗੀਤ ਅਤੇ ਭਗਵਾਨ ਸ਼ਿਵ ਨੂੰ ਸਮਰਪਿਤ ਪੂਜਾ ਰਾਹੀਂ ਇੱਕਜੁੱਟ ਕਰਦਾ ਹੈ। ਇਸ ਮੌਕੇ 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਸਮੇਤ 'ਆਪ' ਪੰਜਾਬ ਦੇ ਸੀਨੀਅਰ ਆਗੂ ਵੀ ਹਾਜ਼ਰ ਸਨ।

# ਨਿਰਜਲਾ ਇਕਾਦਸ਼ੀ ਨੂੰ ਸਮਰਪਿਤ ਲੰਗਰ ਲਾਇਆ



ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**

ਇਥੋਂ ਦੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਸਮਾਜ ਸੇਵੀਆਂ ਵੱਲੋਂ ਨਿਰਜਲਾ ਇਕਾਦਸ਼ੀ ਦੇ ਦਿਹਾੜੇ ਨੂੰ ਸਮਰਪਿਤ ਕੜ੍ਹੀ-ਚੌਲ ਲੰਗਰ ਤੇ ਠੰਢੇ ਜਲ ਦੀ ਛਬੀਲ ਲਗਾਈ ਗਈ। ਸੈਂਕੜ? ਰਾਹਗੀਰਾਂ ਨੇ ਲੰਗਰ ਤੇ ਛਬੀਲ ਦਾ ਆਨੰਦ ਮਾਣਿਆ। ਇਸ ਮੌਕੇ ਸੰਜੀਵ ਕੁਮਾਰ ਜ਼ਿੰਦਲ ਅਤੇ ਸਤੀਸ਼ ਕੁਮਾਰ ਰਿੰਕੂ ਨੇ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਹੈ। ਇੱਥੇ ਸਭ ਧਰਮਾਂ ਦੇ ਰਹਿਬਰਾਂ ਨੇ ਸਾਰੀ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਇਸ ਲਈ ਸਾਨੂੰ ਮਨੁੱਖਤਾ ਦੀ ਭਲਾਈ ਲਈ ਕਾਰਜ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਹਰ ਵਿਅਕਤੀ ਨੂੰ ਸਮਾਜ ਭਲਾਈ ਕਾਰਜਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਇਸ ਮੌਕੇ ਸ਼ੈਲੀ ਗੁਪਤਾ, ਪ੍ਰਦੀਪ ਕੁਮਾਰ, ਕੇਸ਼ਵ ਗੁਪਤਾ, ਹਿਮਾਂਸ਼ੂ ਜਿੰਦਲ, ਜੋਗਿੰਦਰਪਾਲ ਸ਼ਰਮਾ, ਰਵੀ ਕੁਮਾਰ, ਸੁਖਜੀਤ ਸਿੰਘ ਬੈਨੀਪਾਲ, ਪਲਕ ਜ਼ਿੰਦਲ, ਸੋਹਿਲ, ਰਿੰਕਲ ਜ਼ਿੰਦਲ, ਕਮਲ ਕਟਾਰੀਆ, ਗੁਰਮੇਲ ਸਿੰਘ, ਖੁਸ਼ੀ ਮਿੱਤਲ, ਮਹੇਸ਼ ਕੁਮਾਰ ਨੇ ਲੰਗਰ ਮੌਕੇ ਸੇਵਾ ਨਿਭਾਈ।

# ਪੰਜਾਬ ਸਰਕਾਰ ਨੇ ਜੇਲ੍ਹਾਂ 'ਚ ਸਿਹਤ ਅਤੇ ਮੁੜ ਵਸੇਬਾ ਸੇਵਾਵਾਂ ਨੂੰ ਮਜ਼ਬੂਤ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ

## ਯੂਨਾਈਟਡ ਨੇਸ਼ਨਜ਼ ਆਫਿਸ ਆਨ ਡਰਗਜ਼ ਐਂਡ ਕਰਾਈਮ ਨਾਲ ਸਹਿਯੋਗ ਨੂੰ ਹੋਰ ਕੀਤਾ ਮਜ਼ਬੂਤ

ਜ਼ਿਕਰ ਪੰਜਾਬ

**ਚੰਡੀਗੜ੍ਹ/ਲੋ.ਸੰ :**

ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਬਿਹਤਰ ਸਿਹਤ ਸਹੂਲਤਾਂ ਅਤੇ ਮੁੜ ਵਸੇਬਾ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਨੇ ਸ਼ੁੱਕਰਵਾਰ ਨੂੰ ਲੁਧਿਆਣਾ ਵਿੱਚ 'ਨਸ਼ਾ, ਐਚਆਈਵੀ ਅਤੇ ਜੇਲ੍ਹਾਂ 'ਚ ਕੈਦੀਆਂ ਦੀ ਸਿਹਤ' ਵਿਸ਼ੇ 'ਤੇ ਇੱਕ ਉੱਚ-ਪੱਧਰੀ ਮੀਟਿੰਗ ਆਯੋਜਿਤ ਕੀਤੀ। ਇਹ ਪ੍ਰੋਗਰਾਮ ਯੂਨਾਈਟਡ ਨੇਸ਼ਨਜ਼ ਆਫਿਸ ਆਨ ਡਰਗਜ਼ ਐਂਡ ਕਰਾਈਮ (ਯੂਐਨਓਡੀਸੀ) ਵੱਲੋਂ ਪੰਜਾਬ ਜੇਲ੍ਹ ਵਿਭਾਗ ਅਤੇ ਗੈਰ-ਸਰਕਾਰੀ ਸੰਸਥਾ 'ਟਰਨ ਯੋਰ ਕਨਸਰਨ ਇੰਟ ਐਕਸ਼ਨ' (ਟੀਵਾਈਸੀਆਈਏ) ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਨਸ਼ਾ ਰੋਕਥਾਮ ਅਤੇ ਗੈਰ-ਕਾਨੂੰਨੀ ਤਸਕਰੀ ਵਿਰੋਧੀ ਦਿਵਸ ਮੌਕੇ ਆਯੋਜਿਤ ਕੀਤਾ ਗਿਆ। ਇਸ ਇੱਕ ਰੋਜ਼ਾ ਮੀਟਿੰਗ ਵਿੱਚ ਰਾਜ ਸਰਕਾਰ, ਜੇਲ੍ਹ ਵਿਭਾਗ ਅਤੇ ਪੰਜਾਬ ਸਮੇਤ ਦੇਸ਼ ਭਰ ਦੇ ਸਿਹਤ ਮਾਹਰਾਂ ਨੇ ਭਾਗ ਲਿਆ। ਇਸ ਦੌਰਾਨ ਜੇਲ੍ਹਾਂ ਵਿੱਚ ਕੈਦੀਆਂ ਦੀ ਬਿਹਤਰ ਸਿਹਤ ਲਈ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਮੁਕਤੀ ਅਤੇ ਮਾਨਸਿਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਦੇ ਯਤਨਾਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਨਸ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਸਾਰੇ ਪੱਖਾਂ ਵਿਚਕਾਰ ਤਾਲਮੇਲ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ, "ਸਾਡੇ ਦੁਆਰਾ ਚੁੱਕੇ ਗਏ ਮੁੱਖ ਕਦਮਾਂ ਵਿੱਚੋਂ ਇੱਕ ਹੈ ਨਸ਼ੇ ਦੀ ਲਤ ਨੂੰ ਅਪਰਾਧ ਤੋਂ ਮੁਕਤ ਕਰਨਾ। ਮਰੀਜ਼ਾਂ ਅਤੇ ਤਸਕਰਾਂ ਵਿਚਕਾਰ ਸਪੱਸ਼ਟ ਫਰਕ ਹੈ। ਪਿਛਲੇ ਇੱਕ ਸਾਲ ਅਤੇ ਤਿੰਨ ਮਹੀਨਿਆਂ ਵਿੱਚ 10,000 ਤੋਂ ਵੱਧ ਨਸ਼ਾ ਪੀੜਤਾਂ, ਜਿਨ੍ਹਾਂ ਨੇ ਨਹੀਂ ਤਾਂ ਜੇਲ੍ਹ ਵਿੱਚ ਹੋਣਾ ਸੀ, ਉਨ੍ਹਾਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਭਰਤੀ ਕਰਵਾਇਆ ਗਿਆ ਹੈ। ਅਸੀਂ 25,000 ਕੈਦੀਆਂ ਦੀ ਹੈਪੇਟਾਈਟਿਸ, ਐਚਆਈਵੀ ਅਤੇ ਨਸ਼ੇ ਦੀ ਜਾਂਚ ਵੀ ਕੀਤੀ ਹੈ। ਸਾਡਾ ਮੰਨਣਾ ਹੈ ਕਿ ਜੇਲ੍ਹਾਂ ਸਿਰਫ਼ ਸੁਧਾਰ ਘਰ ਨਹੀਂ ਹੋਣੀਆਂ ਚਾਹੀਦੀਆਂ, ਸਗੋਂ ਇਲਾਜ, ਮੁੜ ਵਸੇਬਾ ਅਤੇ ਸਿਹਤਯਾਬੀ ਦੇ ਕੇਂਦਰ ਵੀ ਹੋਣੀਆਂ ਚਾਹੀਦੀਆਂ ਹਨ। ਪੰਜਾਬ ਦੀਆਂ ਜੇਲ੍ਹਾਂ ਵਿੱਚ ਪਹਿਲਾਂ ਹੀ ਓਓਏਟੀ ਕਲੀਨਿਕਾਂ ਦਾ ਨੈੱਟਵਰਕ ਮੌਜੂਦ ਹੈ, ਜੋ ਕੈਦੀਆਂ ਨੂੰ ਨਸ਼ੇ ਤੋਂ ਉਭਰਨ ਵਿੱਚ ਮਦਦ ਕਰ ਰਿਹਾ ਹੈ। ਇਸ ਤੋਂ ਇਲਾਵਾ, ਹੁਨਰ ਵਿਕਾਸ ਲਈ ਆਈਟੀਆਈ ਕੋਰਸ, ਮਨੋਚਿਕਿਤਸਕ ਅਤੇ ਕੌਂਸਲਰ ਵੀ ਕੈਦੀਆਂ ਲਈ ਉਪਲੱਬਧ ਹਨ। ਸੂਬੇ ਭਰ ਦੇ ਜੇਲ੍ਹ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਜੇਲ੍ਹ ਮੰਤਰੀ ਡਾ. ਰਵਜੋਤ ਸਿੰਘ ਨੇ



ਕਿਹਾ, "ਨਾਰਕੋਟਿਕ ਡਰਗਜ਼ ਐਂਡ ਸਾਇਕੋਟ?ਰੋਪਿਕ ਸਬਸਟੈਂਸਿਜ਼ (ਐਨਡੀਪੀਐਸ) ਐਕਟ ਤਹਿਤ ਦੋਸ਼ੀ ਸਾਬਤ ਕਰਨ ਦੇ ਮਾਮਲਿਆਂ ਵਿੱਚ ਪੰਜਾਬ ਦੇਸ਼ ਵਿੱਚ ਅੱਗੇ ਹੈ। ਇਸੇ ਤਰ੍ਹਾਂ ਸੁਧਾਰਾਤਮਕ ਨਿਆਂ ਦੇ ਖੇਤਰ ਵਿੱਚ ਵੀ ਸਾਨੂੰ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਮਾਨ ਸਰਕਾਰ ਲਈ ਨਸ਼ੇ ਨੂੰ ਸਮਾਜ ਤੋਂ ਖਤਮ ਕਰਨਾ ਅਤੇ ਹਰ ਨਸ਼ਾ ਪੀੜਤ ਤੱਕ ਸਿਹਤ ਸੇਵਾਵਾਂ ਪਹੁੰਚਾਉਣਾ ਦੋਵੇਂ ਅਹਿਮ ਮਹੱਤਵ ਰੱਖਦੇ ਹਨ। ਪ੍ਰੋਗਰਾਮ ਦੀ ਸ਼ੁਰੂਆਤ ਜੇਲ੍ਹਾਂ ਵਿੱਚ ਉਭਰ ਰਹੀਆਂ ਸਿਹਤ ਚੁਣੌਤੀਆਂ 'ਤੇ ਚਰਚਾ ਹੋਈ, ਜਿਸ ਤੋਂ ਬਾਅਦ ਆਈਜੀ ਜੇਲ੍ਹ ਅਤੇ ਆਈਏਐਸ ਅਧਿਕਾਰੀ ਮੁਹੰਮਦ ਤਇਅਬ ਨੇ ਵਿਸ਼ੇਸ਼ ਪੇਸ਼ਕਾਰੀ ਦਿੱਤੀ। ਪ੍ਰੋਗਰਾਮ ਵਿੱਚ ਜੇਲ੍ਹ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲਾਂ 'ਤੇ ਕਈ ਸੈਸ਼ਨ ਹੋਏ, ਜਿਨ੍ਹਾਂ ਵਿੱਚ ਨਸ਼ਾ ਅਤੇ ਸੰਕਰਾਮਕ ਬੀਮਾਰੀਆਂ ਦੀ ਰੋਕਥਾਮ, ਮਹਿਲਾਵਾਂ ਲਈ ਖ਼ਾਸ ਸਿਹਤ ਸੇਵਾਵਾਂ, ਦਿਵਿਆਂਗਤਾ, ਨਸ਼ਾ ਅਤੇ ਜੇਲ੍ਹਾਂ 'ਚ ਕੈਦੀਆਂ ਦੀ ਜ਼ਿੰਦਗੀ ਵਰਗੇ ਵਿਸ਼ਿਆਂ 'ਤੇ ਵਿਸ਼ੇਸ਼ ਚਰਚਾ ਹੋਈ। ਯੂਐਨਓਡੀਸੀ ਦੇ ਮਾਹਰਾਂ ਨੇ ਜੇਲ੍ਹ ਸਿਹਤ ਅਤੇ ਮੁੜ ਵਸੇਬਾ ਨਾਲ ਜੁੜੇ ਅੰਤਰਰਾਸ਼ਟਰੀ ਮਿਆਰਾਂ ਅਤੇ ਵਿਸ਼ਵ ਦੇ ਸਰਵੋਤਮ ਅਭਿਆਸਾਂ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿਹਤ ਸੇਵਾਵਾਂ ਤੱਕ ਪਹੁੰਚ ਹਰ ਵਿਅਕਤੀ ਦਾ ਮੂਲ ਅਧਿਕਾਰ ਹੈ ਅਤੇ ਜੇਲ੍ਹ ਵਿੱਚ ਰਹਿੰਦੇ ਸਮੇਂ ਅਤੇ ਰਿਹਾਈ ਤੋਂ ਬਾਅਦ ਵੀ ਕੈਦੀਆਂ ਨੂੰ ਇਲਾਜ ਅਤੇ ਮਨੋ-ਸਮਾਜਿਕ ਸਹਾਇਤਾ ਲਗਾਤਾਰ ਮਿਲਣੀ ਚਾਹੀਦੀ ਹੈ। ਇਸ ਮੌਕੇ ਦੱਖਣੀ ਏਸ਼ੀਆ ਲਈ ਯੂਐਨਓਡੀਸੀ ਖੇਤਰੀ ਦਫ਼ਤਰ ਦੀ ਅਪਰਾਧਿਕ ਨਿਆਂ ਮਾਹਰ ਸੀਮਾ ਜੋਸ਼ੀ ਨੇ ਕਿਹਾ, "ਇਸ ਸਾਲ ਦੀ ਥੀਮ 'ਵਰਲਡ ਡਰਗ ਪ੍ਰਾਬਲਮ: ਪਰਸਿਸਟਿੰਗ ਇਸ਼ੂਜ਼, ਨਿਊ ਚੈਲੇਂਜਜ਼, ਇਨੋਵੇਟਿਵ ਰਿਸਪਾਂਸਿਜ਼' ਸਾਨੂੰ ਯਾਦ ਦਿਵਾਉਂਦੀ ਹੈ ਕਿ ਚੁਣੌਤੀਆਂ ਬਦਲ ਰਹੀਆਂ ਹਨ, ਇਸ ਲਈ ਸਾਡੇ ਹੱਲ ਵੀ ਸਮੇਂ ਦੇ ਨਾਲ ਵਿਕਸਿਤ ਹੋਣੇ ਚਾਹੀਦੇ ਹਨ। ਅੱਜ ਦਾ ਦਿਨ ਸਿਰਫ਼ ਨਸ਼ੇ ਦੇ ਪ੍ਰਭਾਵ ਨੂੰ ਸਵੀਕਾਰ ਕਰਨ ਦਾ ਹੀ ਨਹੀਂ, ਸਗੋਂ ਹੱਲਾਂ, ਸਾਂਝੇਦਾਰੀਆਂ ਅਤੇ ਆਸ ਨੂੰ ਉਤਸ਼ਾਹਿਤ ਕਰਨ ਦਾ ਵੀ ਹੈ। ਜੇਲ੍ਹ 'ਚ ਕੈਦੀਆਂ ਸਿਹਤ, ਨਸ਼ੇ ਦਾ ਇਲਾਜ ਅਤੇ ਐਚਆਈਵੀ ਸੇਵਾਵਾਂ ਨੂੰ ਮਜ਼ਬੂਤ ਕਰਨਾ ਇਸ ਪ੍ਰਤੀਕਿਰਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜੋ ਲੋਕਾਂ ਦੇ ਮੁੜ ਸਿਹਤਯਾਬ ਹੋਣ ਅਤੇ ਸਮਾਜ ਵਿੱਚ ਮੁੜ ਸ਼ਾਮਲ ਹੋਣ ਵਿੱਚ ਮਦਦ ਕਰਦਾ ਹੈ, ਨਾਲ ਹੀ ਸੁਰੱਖਿਅਤ ਅਤੇ ਸਿਹਤਮੰਦ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਪਾਉਂਦਾ ਹੈ। ਮੀਟਿੰਗ ਦੌਰਾਨ ਵਿਸ਼ੇਸ਼ਗਿਆਨਾਂ ਨੇ ਸਕ੍ਰੀਨਿੰਗ ਪ੍ਰਣਾਲੀ, ਨਸ਼ਾ ਛੱਡਣ ਦੇ ਦੌਰਾਨ ਇਲਾਜ, ਓਪੀਓਡ ਅਧਾਰਤ ਇਲਾਜ, ਮਾਨਸਿਕ ਅਤੇ ਸਮਾਜਿਕ ਸਹਾਇਤਾ ਅਤੇ ਇਲਾਜ ਦੀ ਲਗਾਤਾਰਤਾ ਜਿਹੇ ਵਿਸ਼ਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ। ਭਾਈਵਾਲਾਂ ਵਿੱਚ ਜਾਗਰੂਕਤਾ ਅਤੇ ਭਾਗੀਦਾਰੀ ਵਧਾਉਣ ਲਈ ਨਸ਼ਾ ਅਤੇ ਐਚਆਈਵੀ 'ਤੇ ਆਧਾਰਿਤ ਐਜੂਕੇਸ਼ਨਲ ਟੂਲਜ਼ ਵੀ ਪੇਸ਼ ਕੀਤੇ ਗਏ।ਮੀਟਿੰਗ ਵਿੱਚ ਮਹਿਲਾਵਾਂ ਦੀ ਪ੍ਰਜਨਨ ਸਿਹਤ, ਮਾਨਸਿਕ ਸਿਹਤ ਸਹਾਇਤਾ ਅਤੇ ਨਸ਼ੇ ਨਾਲ ਪ੍ਰਭਾਵਿਤ ਮਹਿਲਾਵਾਂ ਨੂੰ ਜੇਲ੍ਹ ਦੌਰਾਨ ਅਤੇ ਰਿਹਾਈ ਤੋਂ ਬਾਅਦ ਵੀ ਲਗਾਤਾਰ ਇਲਾਜ ਅਤੇ ਦੇਖਭਾਲ ਮੁਹੱਈਆ ਕਰਵਾਉਣ 'ਤੇ ਵਿਸ਼ੇਸ਼ ਚਰਚਾ ਹੋਈ।ਅੰਤ ਵਿੱਚ ਸਾਰੇ ਵਿਭਾਗਾਂ ਨੇ ਮਿਲ ਕੇ ਕੰਮ ਕਰਨ ਅਤੇ ਜੇਲ੍ਹਾਂ ਵਿੱਚ ਨਸ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਮਨੁੱਖੀ ਅਧਿਕਾਰ ਆਧਾਰਿਤ ਸਭਨਾਂ ਦੀ ਸ਼ਮੂਲੀਅਤ ਅਤੇ ਤਾਲਮੇਲ ਵਾਲਾ ਦ੍ਰਿਸ਼ਟੀਕੋਣ ਅਪਣਾਉਣ ਦਾ ਸੰਕਲਪ ਲਿਆ।

# ਪੰਜਾਬ ਰਾਜ ਖੁਰਾਕ ਕਮਿਸ਼ਨ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਮਾਹਿਰ ਨਿਪੁੰਨ ਸਿਆਲ ਨਾਲ ਵਿਚਾਰ-ਵਟਾਂਦਰਾ ਸੈਸ਼ਨ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪੰਜਾਬ ਰਾਜ ਖੁਰਾਕ ਕਮਿਸ਼ਨ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਮਾਹਿਰ ਸ੍ਰੀ ਨਿਪੁੰਨ ਸਿਆਲ ਨਾਲ ਇੱਕ ਵਿਚਾਰ-ਵਟਾਂਦਰਾ ਸੈਸ਼ਨ ਕੀਤਾ ਗਿਆ, ਜਿਸ ਦਾ ਉਦੇਸ਼ ਇਹ ਪਤਾ ਲਗਾਉਣਾ ਸੀ ਕਿ ਉੱਭਰ ਰਹੀਆਂ ਤਕਨਾਲੋਜੀਆਂ ਪੰਜਾਬ ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ), 2013 ਦੇ ਲਾਗੂਕਰਨ ਨੂੰ ਹੋਰ ਪਾਰਦਰਸ਼ੀ, ਕੁਸ਼ਲ ਅਤੇ ਨਾਗਰਿਕ-ਕੇਂਦ੍ਰਿਤ ਕਿਵੇਂ ਬਣਾ ਸਕਦੀਆਂ ਹਨ ਅਤੇ ਕਿਵੇਂ ਇਹ ਕਮਿਸ਼ਨ ਦੇ ਕੰਮਕਾਜ ਵਿੱਚ ਸਹਾਇਤਾ ਕਰ ਸਕਦੀਆਂ ਹਨ। ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਬਾਲ ਮੁਕੰਦ ਸ਼ਰਮਾ ਨੇ ਕਿਹਾ ਕਿ ਕਮਿਸ਼ਨ ਐਨ.ਐਫ.ਐਸ.ਏ. ਦੇ ਲਾਗੂਕਰਨ ਦੀ ਨਿਗਰਾਨੀ ਕਰਨ, ਸ਼ਿਕਾਇਤਾਂ ਦੀ ਸਮੀਖਿਆ ਕਰਨ ਅਤੇ ਨੀਤੀਗਤ ਸੁਧਾਰਾਂ ਲਈ ਰਾਜ ਸਰਕਾਰ ਨੂੰ ਸਲਾਹ ਦੇਣ ਦਾ ਕੰਮ ਕਰਦਾ ਹੈ। ਉਨ੍ਹਾਂ ਕਿਹਾ ਅਸੀਂ ਏ.ਆਈ. ਨੂੰ ਇੱਕ ਅਜਿਹੇ ਸਾਧਨ



ਵਜੋਂ ਦੇਖ ਰਹੇ ਹਾਂ ਜੋ ਰਿਐਕਟਿਵ ਨਿਗਰਾਨੀ ਤੋਂ ਹਟ ਕੇ ਅਸਲ-ਸਮੇਂ (ਰੀਅਲ-ਟਾਈਮ) ਅਤੇ ਡੇਟਾ-ਅਧਾਰਿਤ ਨਿਗਰਾਨੀ ਵੱਲ ਵਧਣ ਵਿੱਚ ਮਦਦ ਕਰੇਗਾ। ਕਮਿਸ਼ਨ ਨੂੰ ਸੰਬੋਧਨ ਕਰਦਿਆਂ ਸ੍ਰੀ ਨਿਪੁੰਨ ਸਿਆਲ ਨੇ ਉਨ੍ਹਾਂ ਖਾਸ ਖੇਤਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਿੱਥੇ ਏ.ਆਈ. ਕਮਿਸ਼ਨ ਦੇ ਕੰਮਕਾਜ ਵਿੱਚ ਸਹਾਇਤਾ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਏ.ਆਈ.-ਸਮਰੱਥ ਐਨਾਲਿਟਿਕਸ ਰੋਜ਼ਾਨਾ ਅਧਾਰ 'ਤੇ ਐਫ.ਪੀ.ਐਸ. ਲੈਵਲ ਈ-ਪੋਸ ਟ?ਰਾਂਜੈਕਸ਼ਨ ਡੇਟਾ ਦੀ ਜਾਂਚ ਕਰ ਸਕਦੇ ਹਨ ਤਾਂ ਜੋ ਅਸਧਾਰਨ ਪੈਟਰਨਾਂ ਜਿਵੇਂ ਕਿ ਘੱਟ ਸਪਲਾਈ, ਬੰਦ ਪਏ ਰਾਸ਼ਨ ਡਿਪੂਆਂ, ਜਾਂ ਅਲਾਟ ਕੀਤੇ ਗਏ ਅਤੇ ਵੰਡੇ ਗਏ ਅਨਾਜ ਵਿਚਕਾਰ ਅੰਤਰ ਦੀ ਪਛਾਣ ਕੀਤੀ ਜਾ ਸਕੇ। ਇਸ ਨਾਲ ਕਮਿਸ਼ਨ ਨੂੰ ਸਮੱਸਿਆਵਾਂ ਦਾ ਜਲਦੀ ਪਤਾ ਲਗਾਉਣ ਅਤੇ ਸਮੇਂ ਸਿਰ ਸੁਧਾਰਾਤਮਕ ਕਾਰਵਾਈ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਅੱਗੇ ਦੱਸਿਆ ਕਿ ਮਸ਼ੀਨ ਲਰਨਿੰਗ ਮਾਡਲ ਪ੍ਰਮਾਣਿਤ ਡੇਟਾਸੈੱਟਾਂ ਨਾਲ ਸੁਰੱਖਿਅਤ ਕਰਾਸ-ਰੈਫਰੈਂਸਿੰਗ ਰਾਹੀਂ ਸੰਭਾਵਿਤ ਡੁਪਲੀਕੇਟ ਐਂਟਰੀਆਂ, ਗਲਤ ਭਰੇ ਅਤੇ ਭਰਨ ਤੋਂ ਰਹਿ ਗਏ ਵੇਰਵਿਆਂ ਦੀਆਂ ਗਲਤੀਆਂ ਦਾ ਪਤਾ ਲਗਾ ਕੇ ਲਾਭਪਾਤਰੀਆਂ ਦੇ ਡੇਟਾ ਦੀ ਸ਼ੁੱਧਤਾ ਨੂੰ ਸੁਧਾਰਨ ਵਿੱਚ ਮਦਦ ਕਰ ਸਕਦੇ ਹਨ।

# ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 310ਵਾਂ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

ਜ਼ਿਕਰ ਪੰਜਾਬ

**ਲੁਧਿਆਣਾ/ਗੌਰਵ**

ਅੱਜ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 310ਵਾਂ ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ ਫਿਰੋਜ਼ਪੁਰ ਰੋਡ ਲੁਧਿਆਣਾ ਵਿਖੇ ਪੂਰਨ ਸ਼ਰਧਾ ਨਾਲ ਸੰਤ ਬਾਬਾ ਸੁਖਬੀਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ। ਇਸ ਸਮੇਂ ਸਮਾਗਮ ਦੇ ਕਨਵੀਨਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦਸਿਆ ਪੰਥ ਦੀ ਮਹਾਨ ਸ਼ਖਸ਼ੀਅਤ ਮਾਤਾ ਵਿਪਨਪ੍ਰੀਤ ਕੌਰ ਜੀ, ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਫਾਊਂਡੇਸ਼ਨ ਦੇ ਪੰਜਾਬ ਦੇ ਕਨਵੀਨਰ ਜਸਵੰਤ ਸਿੰਘ ਛਾਪਾ, ਮਨਿੰਦਰ ਸਿੰਘ ਅਹੂਜਾ, ਸਰਪ੍ਰਸਤ ਚੁਪਹਿਰਾ ਪਰਿਵਾਰ ਅਤੇ ਸਿਖ ਨੌਜਵਾਨ ਸੁਸਾਇਟੀ, ਤਜਿੰਦਰਪਾਲ ਸਿੰਘ ਸ਼ੰਟੀ ਸਰਗੋਧਾ ਪ੍ਰਧਾਨ ਸਰਬਧਰਮ ਫੈਡਰੇਸ਼ਨ ਵਿਸ਼ੇਸ਼



ਤੌਰ 'ਤੇ ਹਾਜ਼ਰ ਹੋਏ। ਇਸ ਸਮੇਂ ਕ੍ਰਿਸ਼ਨ ਕੁਮਾਰ ਬਾਵਾ ਤੇ ਜਸਵੰਤ ਸਿੰਘ ਛਾਪਾ ਨੇ ਸਾਂਝੇ ਤੌਰ ਤੇ ਕਿਹਾ ਕਿ ਮਹਾਨ ਯੋਧੇ, ਜਰਨੈਲ, ਕਿਸਾਨੀ ਦੇ ਮੁਕਤੀਦਾਤਾ, ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਲਾ-ਮਿਸਾਲ ਹੈ। ਉਹਨਾਂ ਨੂੰ ਜੰਗਾਂ ਜਿੱਤਣ ਤੋਂ ਬਾਅਦ ਗੁਰਦਾਸ ਨੰਗਲ ਗੜ੍ਹੀ (ਗੁਰਦਾਸਪੁਰ) ਵਿਖੇ 740 ਸਿੰਘਾਂ (ਸਾਥੀਆਂ) ਸਮੇਤ ਗ੍ਰਿਫਤਾਰ ਕਰਕੇ ਤਸੀਹੇ ਦਿੰਦੇ ਹੋਏ ਹਾਥੀ 'ਤੇ ਪਿੰਜਰੇ ਵਿੱਚ ਕੈਦ ਕਰਕੇ ਦਿੱਲੀ ਮਹਿਰੌਲੀ ਲਿਜਾਇਆ ਗਿਆ ਅਤੇ 9 ਜੂਨ 1710 ਨੂੰ 100-100 ਕਰਕੇ ਸਿੰਘ ਸ਼ਹੀਦ ਕੀਤੇ ਗਏ। ਬਾਬਾ ਜੀ ਦੀ ਇੱਕ- ਇੱਕ ਕਰਕੇ ਅੱਖ ਕੱਢੀ ਗਈ। ਮਾਸ ਜਮੂਰਾਂ ਨਾਲ ਨੋਚਿਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਚਾਰ ਸਾਲਾਂ ਸਪੁੱਤਰ ਅਜੈ ਸਿੰਘ ਦਾ ਕਲੇਜਾ ਕੱਢ ਕੇ ਬਾਬਾ ਜੀ ਦੇ ਮੂੰਹ ਵਿੱਚ ਤੁੰਨਿਆ ਗਿਆ। ਇਸ ਲਾਸਾਨੀ ਸ਼ਹਾਦਤ ਨੂੰ ਸਰਕਾਰਾਂ ਵੱਡੇ ਪੱਧਰ 'ਤੇ ਸਮਾਗਮ ਕਰਕੇ ਅਤੇ ਧਾਰਮਿਕ ਸੰਸਥਾਵਾਂ ਹਰ ਗੁਰਦੁਆਰਾ ਸਾਹਿਬ ਵਿਖੇ ਇਹ ਦਿਹਾੜਾ ਮਨਾਵੇ ਤਾਂ ਜੋ ਅੱਜ ਦੇ ਲੋਕਾਂ ਨੂੰ ਸਿੱਖੀ, ਸਿਦਕ, ਹੱਕ-ਸੱਚ ਦੀ ਲੜਾਈ ਲੜਨ ਵਾਲਿਆਂ ਦੇ ਜੀਵਨ ਬਾਰੇ ਗਿਆਨ ਹੋ ਸਕੇ। ਇਸ ਮੌਕੇ ਤੇ ਸੋਨੀਆਂ ਅਰੋੜਾ, ਪਰਿਆਗ ਅਰੋੜਾ, ਬਾਬਾ ਬਲਵਿੰਦਰ ਸਿੰਘ, ਕੁਲਜੀਤ ਸਿੰਘ ਕਾਕਾ, ਇੰਸਪੈਕਟਰ ਇੰਦਰਜੀਤ ਸਿੰਘ, ਇੰਸਪੈਕਟਰ ਬਹਾਦਰ ਸਿੰਘ ਮਾਨ, ਐਡਵੋਕੇਟ ਪਰਵਿੰਦਰ ਸਿੰਘ ਬਤਰਾ, ਗੁਰਦੀਪ ਸਿੰਘ ਗਰੇਵਾਲ, ਦਲੀਪ ਸਿੰਘ, ਬੀਬੀ ਅਮਰਜੀਤ ਕੌਰ,ਅਵਿੰਦਰ ਕੌਰ, ਗੁਰਿੰਦਰ ਕੌਰ, ਅੰਮ੍ਰਿਤਪਾਲ ਕੌਰ, ਮਨਵੀਰ ਕੌਰ ਗਰੇਵਾਲ, ਰਵਿੰਦਰ ਕੌਰ, ਓਰਿੰਦਰ ਕੌਰ, ਭੁਪਿੰਦਰ ਕੌਰ ਹਾਜ਼ਰ ਸਨ।

# ਜਥੇਦਾਰ ਦਲਬੀਰ ਸਿੰਘ ਨਮਿਤ ਹੋਇਆ ਸਰਧਾਂਜਲੀ ਸਮਾਰੋਹ



ਜ਼ਿਕਰ ਪੰਜਾਬ

**ਅੰਮ੍ਰਿਤਸਰ** : ਨਾਮਵਰ ਕਹਾਣੀਕਾਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੱਕਤਰ ਦੀਪ ਦੇਵਿੰਦਰ ਸਿੰਘ ਦੇ ਵੱਡੇ ਭਰਾਤਾ ਜਥੇਦਾਰ ਦਲਬੀਰ ਸਿੰਘ ਨੱਮਿਤ ਅੰਤਿਮ ਅਰਦਾਸ ਅਤੇ ਸਰਧਾਂਜਲੀ ਸਮਾਰੋਹ ਉਹਨਾਂ ਦੇ ਜੱਦੀ ਪਿੰਡ ਕੋਟਲੀ ਢੋਲੇ ਸ਼ਾਹ ਵਿਖੇ ਹੋਇਆ। ਜਿਥੇ ਉਹਨਾਂ ਨੂੰ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਸਾਹਿਤਕ ਸਖਸ਼ੀਅਤਾਂ ਵਲੋਂ ਸਰਧਾਂਜਲੀ ਅਰਪਿਤ ਕੀਤੀ ਗਈ। ਨਗਰ ਦੇ ਗੁਰਦਵਾਰਾ ਸਾਹਿਬ ਵਿਖੇ ਹੋਈ ਇਸ ਸੋਗ ਸਭਾ ਵਿਚ ਬਾਬਾ ਗੁਰਦੀਪ ਸਿੰਘ ਖਜਾਲੇ ਵਾਲਿਆਂ ਗੁਰਬਾਣੀ ਦਾ ਵਿਰਾਗ ਮਈ ਕੀਰਤਨ ਕੀਤਾ। ਸਰਧਾ ਦੇ ਫੁੱਲ ਭੇਟ ਕਰਦਿਆਂ ਸਾਬਕਾ ਕੈਬਿਨੇਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸਿਆਸੀ ਸੱਕਤਰ ਲਖਬੀਰ ਸਿੰਘ ਗਿੱਲ ਅਤੇ ਕੁਲਵਿੰਦਰ ਸਿੰਘ ਧਾਰੀਵਾਲ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਮੱਖਣ ਕੁਹਾੜ, ਮਾਸਟਰ ਗੁਰਮੀਤ ਸਿੰਘ ਬਾਜਵਾ ਅਤੇ ਅਜਮੇਰ ਸਿੰਘ ਉਪਲ ਆਦਿ ਨੇ ਕਿਹਾ ਕਿ ਜਥੇਦਾਰ ਦਲਬੀਰ ਸਿੰਘ ਵਰਗੇ ਇਨਸਾਨ ਦੀ ਸਮਾਜ ਨੂੰ ਹਮੇਸ਼ਾ ਲੋੜ ਰਹਿੰਦੀ ਹੈ। ਉਹਨਾਂ ਦੇ ਇੰਝ ਬੇਵਕਤੀ ਜਾਣ ਨਾਲ ਸਮਾਜ ਅਤੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ।

ਪਰਿਵਾਰ ਵਲੋਂ ਸਭ ਦਾ ਧੰਨਵਾਦ ਦੀਪ ਦੇਵਿੰਦਰ ਸਿੰਘ ਵਲੋਂ ਕੀਤਾ ਗਿਆ ਜਦ ਕਿ ਸੱਮੁਚੇ ਸਮਾਗਮ ਦਾ ਮੰਚ ਸੰਚਾਲਣ ਕੇਂਦਰੀ ਸਭਾ ਦੇ ਮੀਤ ਪ੍ਰਧਾਨ ਸ਼ੈਲਿੰਦਰਜੀਤ ਸਿੰਘ ਰਾਜਨ ਵਲੋਂ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਅਤੇ ਸ੍ਰੀ ਗੁਰੂ ਸੇਵਕ ਸਭਾ ਦਰਬਾਰ ਸਾਹਿਬ ਵਲੋਂ ਦਲਬੀਰ ਸਿੰਘ ਦੇ ਸਪੁੱਤਰ ਚੜਤ ਸਿੰਘ ਨੂੰ ਦਸਤਾਰਾਂ ਅਤੇ ਸ਼ੋਕ ਸੰਦੇਸ਼ ਭੇਟ ਕੀਤੇ ਗਏ।

ਹੋਰਨਾਂ ਤੋਂ ਇਲਾਵਾ ਇਸ ਸਮੇਂ ਪ੍ਰਿੰ. ਰਘਬੀਰ ਸਿੰਘ ਸੋਹਲ,ਮਨਜੀਤ ਸਿੰਘ ਵਸੀ, ਮੱਖਣ ਭੈਣੀਵਾਲ, ਮੰਗਤ ਚੰਚਲ,ਸੀਤਲ ਸਿੰਘ ਗੁੰਨੋਪੁਰੀ, ਬੂਟਾ ਰਾਮ ਅਜਾਦ, ਕਰਮਜੀਤ ਸਿੰਘ ਬਾਸਰਕੇ, ਹੈਡਮਾਸਟਰ ਸਤਿਨਾਮ ਸਿੰਘ ਪਾਖਰਪੁਰਾ,ਕੰਵਲਜੀਤ ਸਿੰਘ, ਦਵਿੰਦਰ ਸਿੰਘ ਅੰਮ੍ਰਿਤਸਰ, ਹਰਜਿੰਦਰ ਸਿੰਘ ਕਲਸੀ ਅਤੇ ਹਰਸਿਮਰਨ ਸਿੰਘ ਕਲਸੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤ ਹਾਜਰ ਸੀ।

# ਨੌਕਰਸ਼ਾਹੀ ਦਾ ਇੱਕ ਗਰੁੱਪ ਪੰਜਾਬ ਭਾਸ਼ਾ ਵਿਭਾਗ ਨੂੰ ਖ਼ਤਮ ਕਰਨ ਲਈ ਰੋ ਰਿਹੈ ਤਰਲੋ-ਮੱਛੀ : ਜ਼ਫ਼ਰ

ਜ਼ਿਕਰ ਪੰਜਾਬ

**ਪਟਿਆਲਾ** : ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਅਤੇ ਉੱਘੇ ਸਾਹਿਤਕਾਰ ਜਸਵੰਤ ਸਿੰਘ ਜ਼ਫ਼ਰ ਨੇ ਸੂਬੇ ਦੀ ਨੌਕਰਸ਼ਾਹੀ 'ਤੇ ਇੱਕ ਬਹੁਤ ਵੱਡਾ ਅਤੇ ਸਨਸਨੀਖੇਜ਼ ਇਲਜ਼ਾਮ ਲਗਾਇਆ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਇੱਕ ਭਾਵੁਕ ਅਤੇ ਤਿੱਖੀ ਪੋਸਟ ਸਾਂਝੀ ਕਰਦਿਆਂ ਦਾਅਵਾ ਕੀਤਾ ਹੈ ਕਿ ਚੰਡੀਗੜ੍ਹ ਬੈਠੀ ਉੱਚ ਨੌਕਰਸ਼ਾਹੀ ਦਾ ਇੱਕ ਵਿਸ਼ੇਸ਼ ਗਰੁੱਪ ਭਾਸ਼ਾ ਵਿਭਾਗ, ਪੰਜਾਬ ਨੂੰ ਖ਼ਤਮ (ਭੋਗ ਪਾਉਣ) ਕਰਨ ਲਈ ਤਰਲੋ-ਮੱਛੀ ਹੋ ਰਿਹਾ ਹੈ। ਜ਼ਫ਼ਰ ਨੇ ਲਿਖਿਆ ਕਿ ਚੰਡੀਗੜ੍ਹੋਂ ਇੱਕ ਉੱਚ ਸਰਕਾਰੀ ਸਰੋਤ ਤੋਂ ਮਿਲੀ ਇਸ ਜਾਣਕਾਰੀ ਨੇ ਉਨ੍ਹਾਂ ਨੂੰ ਹੈਰਾਨ ਨਹੀਂ ਕੀਤਾ, ਕਿਉਂਕਿ ਇਸ ਦੇ ਅਸਾਰ ਪਿਛਲੇ ਕਈ ਮਹੀਨਿਆਂ ਤੋਂ ਦਿਖਾਈ ਦੇ ਰਹੇ ਸਨ। ਜਸਵੰਤ ਸਿੰਘ ਜ਼ਫ਼ਰ ਨੇ ਆਪਣੀ ਪੋਸਟ ਵਿੱਚ ਵਿਭਾਗ ਦੇ



ਕੰਮਕਾਜ ਨੂੰ ਠੱਪ ਕਰਨ ਲਈ ਨੌਕਰਸ਼ਾਹੀ ਵੱਲੋਂ ਪਾਏ ਜਾ ਰਹੇ ਅੜਿੱਕਿਆਂ ਦੀ ਸੂਚੀ ਸਾਂਝੀ ਕੀਤੀ। ਆਪਣੀ ਪੋਸਟ ਵਿੱਚ ਜਸਵੰਤ ਸਿੰਘ ਜ਼ਫ਼ਰ ਨੇ ਲਿਖਿਆ ਕਿ, ਚੰਡੀਗੜ੍ਹੋਂ ਇੱਕ ਉੱਚ ਸਰਕਾਰੀ ਸਰੋਤ ਤੋਂ ਪਤਾ ਲੱਗਾ ਹੈ ਕਿ ਨੌਕਰਸ਼ਾਹੀ ਦਾ ਇੱਕ ਗਰੁੱਪ ਭਾਸ਼ਾ ਵਿਭਾਗ, ਪੰਜਾਬ ਦਾ ਭੋਗ ਪਾਉਣ ਲਈ ਬਹੁਤ ਤਰਲੋ ਮੱਛੀ ਹੋ ਰਿਹਾ ਹੈ। ਮੈਨੂੰ ਇਹ ਜਾਣ ਕੇ ਕੋਈ ਹੈਰਾਨੀ ਨਹੀਂ ਹੋਈ ਕਿਉਂਕਿ ਇਸ ਦੇ ਅਸਾਰ ਪਿਛਲੇ ਕਈ ਮਹੀਨਿਆਂ ਤੋਂ ਸਾਹਮਣੇ ਆਉਣ ਲੱਗੇ ਸਨ।

# ਐਸਐਸਪੀ ਖੰਨਾ ਨੇ ਸੀਨੀਅਰ ਸਿਪਾਹੀ ਲਖਵਿੰਦਰ ਸਿੰਘ ਨੂੰ ਸਰਟੀਫਿਕੇਟ ਤੇ ਨਗਦ ਇਨਾਮ ਨਾਲ ਕੀਤਾ ਸਨਮਾਨਤ

ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**

ਖੰਨਾ ਪੁਲਸ ਦੇ ਸੀਨੀਅਰ ਸਿਪਾਹੀ ਲਖਵਿੰਦਰ ਸਿੰਘ ਨੂੰ ਉਨ੍ਹਾਂ

**ਐਸਐਸਪੀ ਡਾ. ਦਰਪਣ ਆਲੂਵਾਲੀਆ ਨੇ ਮੁਲਾਜ਼ਮ ਰੋਹਿਤ ਵਰਮਾ ਨੂੰ ਵਿਸ਼ੇਸ਼ ਤੌਰ ਤੇ ਨਗਦ ਰਾਸ਼ੀ ਅਤੇ ਪਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ**

ਦੀਆਂ ਸ਼ਾਨਦਾਰ ਸੇਵਾਵਾਂ, ਸ਼ਲਾਘਾਯੋਗ ਕਾਰਗੁਜ਼ਾਰੀ ਲਈ ਸਰਟੀਫਿਕੇਟ ਤੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਪੰਜਾਬ ਪੁਲਸ ਖੰਨਾ ਦੇ ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਵਲੋਂ ਪ੍ਰਦਾਨ ਕੀਤਾ ਗਿਆ, ਇਸ ਮੌਕੇ ਐੱਸ.ਪੀ. (ਇਨਵੈਸਟੀਗੇਸ਼ਨ) ਪਵਨਜੀਤ ਚੌਧਰੀ ਵੀ ਮੌਜੂਦ ਰਹੇ। ਸਨਮਾਨ ਸਮਾਗਮ ਦੌਰਾਨ ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਨੇ ਸੀਨੀਅਰ ਸਿਪਾਹੀ ਲਖਵਿੰਦਰ ਸਿੰਘ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ



ਆਪਣੀ ਡਿਊਟੀ ਪੂਰੀ ਇਮਾਨਦਾਰੀ, ਮਿਹਨਤ ਅਤੇ ਲਗਨ ਨਾਲ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਪੁਲਸ ਬਲ ਵਿਚ ਇਸ ਤਰ੍ਹਾਂ ਦੇ ਮਿਹਨਤੀ ਅਤੇ ਜ਼ਿੰਮੇਵਾਰ ਕਰਮਚਾਰੀ ਵਿਭਾਗ ਦੀ ਅਸਲੀ ਤਾਕਤ ਹੁੰਦੇ ਹਨ ਜੋ ਮੁਸ਼ਕਲ ਹਾਲਾਤਾਂ ਵਿਚ ਵੀ ਆਪਣੀ ਡਿਊਟੀ ਨੂੰ ਪਹਿਲ ਦਿੰਦੇ ਹਨ। ਲਖਵਿੰਦਰ ਦੀ ਮਿਹਨਤ ਅਤੇ ਸਮਰਪਣ ਹੋਰ ਪੁਲਸ ਮੁਲਾਜ਼ਮਾਂ ਲਈ ਵੀ ਪ੍ਰੇਰਣਾ ਸਰੋਤ ਹੈ। ਐੱਸ.ਪੀ. (ਆਈ) ਪਵਨਜੀਤ ਚੌਧਰੀ ਨੇ ਵੀ ਲਖਵਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸਨਮਾਨ ਪੁਲਸ ਮੁਲਾਜ਼ਮਾਂ ਦਾ ਮਨੋਬਲ ਵਧਾਉਂਦੇ ਹਨ ਅਤੇ ਉਨ੍ਹਾਂ ਨੂੰ ਹੋਰ ਬਿਹਤਰ ਕੰਮ ਕਰਨ ਲਈ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਪੁਲਸ ਵਿਭਾਗ ਵਿਚ ਸਖ਼ਤ ਮਿਹਨਤ ਅਤੇ ਇਮਾਨਦਾਰ ਸੇਵਾਵਾਂ ਨੂੰ ਹਮੇਸ਼ਾ ਸਨਮਾਨਿਤ ਕੀਤਾ ਜਾਂਦਾ ਹੈ। ਸੀਨੀਅਰ ਸਿਪਾਹੀ ਲਖਵਿੰਦਰ ਸਿੰਘ ਨੇ ਇਸ ਸਨਮਾਨ ਲਈ ਆਪਣੇ ਸੀਨੀਅਰ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਭਵਿੱਖ ਵਿਚ ਹੋਰ ਵਧੇਰੇ ਲਗਨ ਅਤੇ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਉਣ ਲਈ ਪ੍ਰੇਰਿਤ ਕਰੇਗਾ। ਉਨ੍ਹਾਂ ਕਿਹਾ ਕਿ ਉਹ ਅੱਗੇ ਵੀ ਪੂਰੀ ਨਿਸ਼ਠਾ ਨਾਲ ਕੰਮ ਕਰਦੇ ਰਹਿਣਗੇ। ਇਸ ਮੌਕੇ ਖੰਨਾ ਪੁਲਸ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਰਹੇ, ਜਿਨ੍ਹਾਂ ਨੇ ਰੋਹਿਤ ਵਰਮਾ ਨੂੰ ਇਸ ਸਨਮਾਨ 'ਤੇ ਵਧਾਈਆਂ ਦਿੱਤੀਆਂ।

# ਬਾਵਾ ਨੇ ਮਨਰਾਜ ਠੁਕਰਾਲ ਨੂੰ ਜ਼ਿਲ੍ਹਾ ਯੂਥ ਕਾਂਗਰਸ ਦਾ ਪ੍ਰਧਾਨ ਅਤੇ ਗਗਨ ਸ਼ਰਮਾ ਨੂੰ ਮੀਤ ਪ੍ਰਧਾਨ ਬਣਨ 'ਤੇ ਕੀਤਾ ਸਨਮਾਨਿਤ



ਜ਼ਿਕਰ ਪੰਜਾਬ

**ਲੁਧਿਆਣਾ/ਰਵੀ ਭਾਟੀਆ**

ਅੱਜ ਵਿਧਾਨ ਸਭਾ ਹਲਕਾ ਦੱਖਣੀ ਵਿੱਚ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਏ.ਆਈ.ਸੀ.ਸੀ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਜੋ ਹਲਕਾ ਦੱਖਣੀ ਵਿੱਚ ਤਨਦੇਹੀ ਨਾਲ ਸੇਵਾ ਨਿਭਾ ਰਹੇ ਹਨ, ਉਹਨਾਂ ਦੀ ਅਗਵਾਈ ਵਿੱਚ ਯੂਥ ਕਾਂਗਰਸ ਦੇ ਵੋਟਾਂ ਰਾਹੀਂ ਚੁਣੇ ਗਏ ਪ੍ਰਧਾਨ ਮਨਰਾਜ ਠੁਕਰਾਲ, ਵਾਈਸ ਪ੍ਰਧਾਨ ਗਗਨ ਸ਼ਰਮਾ ਅਤੇ ਮਹਿਲਾ ਕਾਂਗਰਸ ਦੀ ਦੁਬਾਰਾ ਨਿਯੁਕਤ ਹੋਈ ਸੁਖਵਿੰਦਰ ਕੌਰ ਨੂੰ ਸਨਮਾਨਿਤ ਕੀਤਾ ਗਿਆ ਅਤੇ ਮਿਠਾਈਆਂ ਵੰਡੀਆਂ ਗਈਆਂ। ਇਸ ਸਮੇਂ ਸੀਨੀਅਰ ਨੇਤਾ ਜਨਰਲ ਸਕੱਤਰ ਪ੍ਰਦੇਸ਼ ਕਾਂਗਰਸ (ਓ.ਬੀ.ਸੀ) ਗੁਰਨਾਮ ਸਿੰਘ, ਲਖਵਿੰਦਰ ਸਿੰਘ ਲਾਲੀ ਸੀਨੀਅਰ ਨੇਤਾ, ਵਰਿੰਦਰ ਭੱਲਾ ਪ੍ਰਧਾਨ ਜਿਲ੍ਹਾ ਕਾਂਗਰਸ (ਓ.ਬੀ.ਸੀ) ਜਿਨਾਂ ਦੇ ਦਫ਼ਤਰ ਵਿਖੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮੇਂ ਬੋਲਦੇ ਸ਼੍ਰੀ ਬਾਵਾ ਨੇ ਕਿਹਾ ਕਿ ਯੂਥ ਕਾਂਗਰਸ ਰਾਹੁਲ ਗਾਂਧੀ ਦਾ ਹਰਿਆਵਲ ਦਸਤਾ ਹੈ।

ਉਹਨਾਂ ਦਾ ਯੂਥ ਪ੍ਰਤੀ ਪਿਆਰ ਅਤੇ ਭਾਰਤ ਦੇ ਕਰੋੜਾਂ ਨੌਜਵਾਨਾਂ ਦਾ ਰਾਹੁਲ ਗਾਂਧੀ ਨਾਲ ਦਿਲੋਂ ਲਗਾਓ ਦੱਸਦਾ ਹੈ ਕਿ ਆਉਣ ਵਾਲਾ ਸਮਾਂ ਯੂਥ ਦਾ ਹੈ। ਭਾਰਤ ਕਰਵਟ ਲੈ ਰਿਹਾ ਹੈ। ਤਾਮਿਲਨਾਡੂ ਦੀ ਤਰ੍ਹਾਂ ਭਾਰਤ ਅੰਦਰ ਵੀ ਨਵੀਂ ਸੋਚ, ਨਵਾਂ ਸਵੇਰਾ ਉਜਵਲ ਭਵਿੱਖ ਲੈ ਕੇ 2029 ਵਿੱਚ ਰਾਹੁਲ ਗਾਂਧੀ ਆਉਣਗੇ। ਇਸ ਸਮੇਂ ਸ. ਠੁਕਰਾਲ ਨੇ ਬਾਵਾ, ਵਰਿੰਦਰ ਅਤੇ ਗੁਰਨਾਮ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਸ਼੍ਰੀ ਬਾਵਾ ਦਾ ਆਸ਼ੀਰਵਾਦ ਮੇਰੇ ਲਈ ਸ਼ਕਤੀ ਅਤੇ ਸੇਧ ਹੈ ਜਿਸ ਨਾਲ ਮੈਂ ਲੁਧਿਆਣਾ ਦੇ 95 ਵਾਰਡਾਂ ਵਿੱਚ ਬਿਨਾਂ ਭੇਦਭਾਵ ਕੰਮ ਕਰਕੇ 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਪੰਜਾਬ ਅੰਦਰ ਆਵੇ, ਇਸ ਆਸ਼ੇ ਨਾਲ ਮੇਰੀ ਪੂਰੀ ਟੀਮ ਕੰਮ ਕਰੇਗੀ।

ਇਸ ਸਮੇਂ ਜ਼ਿਲ੍ਹਾ ਕਾਂਗਰਸ ਦੇ ਜਨਰਲ ਸਕੱਤਰ ਮਾਸਟਰ ਹਰੀਦੇਵ, ਕੈਪਟਨ ਮਲਕੀਤ ਸਿੰਘ ਵਾਲੀਆ ਸੀਨੀਅਰ ਨੇਤਾ, ਵਾਈਸ ਪ੍ਰਧਾਨ ਮਹਿਲਾ ਕਾਂਗਰਸ ਸਵੀਟੀ ਭੱਲਾ, ਰਾਕੇਸ਼ ਗੋਇਲ, ਮਨਜੀਤ ਕੌਰ ਮਹਿਲਾ ਕਾਂਗਰਸ ਨੇਤਾ, ਮਮਤਾ, ਅਮਰ ਲੂੰਬਾ, ਕਰਮਜੀਤ ਸਿੰਘ, ਸੁਦਰਸ਼ਨ ਖੰਨਾ ਕਰਮਵੀਰ, ਅਨੋਖ, ਰਾਜਵਿੰਦਰ ਸਿਮਰਨ ਸਮਾਜਸੇਵਿਕਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਟਕਸਾਲੀ ਆਗੂ ਲੋਪੋਂ ਅਤੇ ਬਬਲੂ 'ਅਕਾਲੀ ਦਲ ਵਾਰਸ ਪੰਜਾਬ' 'ਚ ਸ਼ਾਮਲ



ਜ਼ਿਕਰ ਪੰਜਾਬ

**ਸਮਰਾਲਾ** : ਪੁਲਸ ਜ਼ਿਲ੍ਹਾ ਖੰਨਾ ਦੇ ਅਧੀਨ ਪੈਂਦੇ ਹਲਕਾ ਸਮਰਾਲਾ ਦੇ ਸਿਆਸੀ ਗਲਿਆਰਿਆਂ ਵਿੱਚ ਉਸ ਵੇਲੇ ਇੱਕ ਬਹੁਤ ਵੱਡਾ ਸਿਆਸੀ ਉਲਟਫੇਰ ਦੇਖਣ ਨੂੰ ਮਿਲਿਆ, ਜਦੋਂ ਪੰਥਕ ਅਤੇ ਸਮਾਜਿਕ ਖੇਤਰ ਵਿੱਚ ਵੱਡਾ ਆਧਾਰ ਰੱਖਣ ਵਾਲੇ ਟਕਸਾਲੀ ਪਰਿਵਾਰ ਦੇ ਮੁਖੀ ਇੰਦਰਜੀਤ ਸਿੰਘ ਲੋਪੋਂ ਅਤੇ ਉਨ੍ਹਾਂ ਦੇ ਸਪੁੱਤਰ ਬਲਜਿੰਦਰ ਸਿੰਘ ਬਬਲੂ ਲੋਪੋਂ ਆਪਣੇ ਸਾਥੀਆਂ ਸਮੇਤ 'ਪੁਨਰ ਸੁਰਜੀਤ ਅਕਾਲੀ ਦਲ' ਨੂੰ ਅਲਵਿਦਾ ਆਖ ਕੇ 'ਅਕਾਲੀ ਦਲ ਵਾਰਸ ਪੰਜਾਬ' ਵਿੱਚ ਸ਼ਾਮਲ ਹੋ ਗਏ। ਪਿੰਡ ਲੋਪੋਂ ਵਿਖੇ ਕਰਵਾਏ ਗਏ ਇੱਕ ਵਿਸ਼ਾਲ ਇਕੱਠ ਦੌਰਾਨ ਅਕਾਲੀ ਦਲ ਵਾਰਸ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਖਾਲਸਾ ਅਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਲੋਪੋਂ ਪਰਿਵਾਰ ਅਤੇ ਉਨ੍ਹਾਂ ਦੇ ਸਮਰਥਕਾਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ। ਇਸ ਮੌਕੇ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਲੋਪੋਂ ਪਰਿਵਾਰ ਇਲਾਕੇ ਦਾ ਇੱਕ ਬਹੁਤ ਹੀ ਸਤਿਕਾਰਯੋਗ ਟਕਸਾਲੀ ਪਰਿਵਾਰ ਹੈ, ਜਿਸ ਨੇ ਲੰਬਾ ਸਮਾਂ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਖੇਤਰ ਵਿੱਚ ਅਹਿਮ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਦੱਸਿਆ ਕਿ ਇੰਦਰਜੀਤ ਸਿੰਘ ਲੋਪੋਂ ਲੰਬਾ ਸਮਾਂ ਪਿੰਡ ਦੇ ਸਰਪੰਚ ਅਤੇ ਲੁਧਿਆਣਾ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਰਹੇ ਹਨ, ਜਦਕਿ ਉਨ੍ਹਾਂ ਦੇ ਸਪੁੱਤਰ ਬਰਜਿੰਦਰ ਸਿੰਘ ਲੋਪੋਂ ਜ਼ਿਲ੍ਹਾ ਪਰਿਸ਼ਦ ਮੈਂਬਰ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਵਜੋਂ ਜ਼ਿੰਮੇਵਾਰੀ ਸਾਂਭ ਚੁੱਕੇ ਹਨ। ਸਾਲ 1920 ਵਿੱਚ ਬਜ਼ੁਰਗਾਂ ਵੱਲੋਂ ਬਣਾਈ ਗਈ ਸ਼੍ਰੋਮਣੀ ਅਕਾਲੀ ਦਲ ਪਾਰਟੀ 'ਤੇ ਸਿੱਖ ਕੌਮ ਦਾ ਲੰਬਾ ਸਮਾਂ ਅਟੁੱਟ ਭਰੋਸਾ ਰਿਹਾ, ਲੇਕਿਨ ਪਿਛਲੇ ਸਮੇਂ ਦੌਰਾਨ ਮੌਜੂਦਾ ਲੀਡਰਸ਼ਿਪ ਵੱਲੋਂ ਪੰਥਕ, ਧਾਰਮਿਕ ਅਤੇ ਕਿਸਾਨੀ ਮੁੱਦਿਆਂ 'ਤੇ ਕੀਤੀਆਂ ਗਈਆਂ ਵੱਡੀਆਂ ਗਲਤੀਆਂ ਕਾਰਨ ਕੌਮ ਦਾ ਭਰੋਸਾ ਇਸ ਪਾਰਟੀ ਤੋਂ ਪੂਰੀ ਤਰ੍ਹਾਂ ਉੱਠ ਚੁੱਕਾ ਹੈ। ਇਸ ਮੌਕੇ ਅਕਾਲੀ ਦਲ ਵਾਰਸ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਖਾਲਸਾ ਨੇ ਲੁਧਿਆਣਾ ਅਤੇ ਸਮਰਾਲਾ ਖੇਤਰ ਵਿੱਚ ਪਾਰਟੀ ਦੀਆਂ ਜੜ੍ਹਾਂ ਮਜ਼ਬੂਤ ਕਰਨ ਵਾਲੀ ਪੁਰਾਣੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਇਸ ਵੇਲੇ ਬਹੁਤ ਹੀ ਨਾਜ਼ੁਕ ਅਤੇ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਜਿੱਥੇ ਸਾਰੇ ਸੰਵਿਧਾਨਿਕ ਹੱਕ ਛਿੱਕੇ ਟੰਗ ਕੇ ਕੌਮ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ ਅਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਐਨਐਸਏ ਵਰਗੇ ਕਾਲੇ ਕਾਨੂੰਨ ਲਗਾ ਕੇ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ ਹੈ।

# ਬਾਲ ਮੁਕੰਦ ਸ਼ਰਮਾ ਵੱਲੋਂ ਲੇਖਿਕਾ ਰਾਵੀ ਪੰਧੇਰ ਦੀ ਕਿਤਾਬ 'ਲੈਟਰਜ਼ ਟੂ ਮਾਈ ਡੌਟਰਜ਼' ਰਿਲੀਜ਼



**ਚੰਡੀਗੜ੍ਹ/ਲੋ.ਸੰ**

ਇੱਕ ਮਾਂ ਦੇ ਪਿਆਰ, ਤਿਆਗ ਅਤੇ ਸਿਆਣਪ ਦੀ ਗਹਿਰਾਈ ਦਾ ਜਸ਼ਨ ਮਨਾਉਂਦਿਆਂ, ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਵੱਲੋਂ ਅੱਜ ਇੱਥੇ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਪ੍ਰਸਿੱਧ ਲੇਖਿਕਾ ਰਾਵੀ ਪੰਧੇਰ ਦੀ ਨਵੀਂ ਕਿਤਾਬ 'ਲੈਟਰਜ਼ ਟੂ ਮਾਈ ਡੌਟਰਜ਼' ਲੋਕ-ਅਰਪਣ (ਜਾਰੀ) ਕੀਤੀ ਗਈ। ਕਿਤਾਬ ਰਿਲੀਜ਼ ਕਰਨ ਉਪਰੰਤ ਸਮਾਰੋਹ ਨੂੰ ਸੰਬੋਧਨ ਕਰਦਿਆਂ ਬਾਲ ਮੁਕੰਦ ਸ਼ਰਮਾ ਨੇ ਕਿਹਾ ਕਿ ਇਹ ਕਿਤਾਬ ਇੱਕ ਬੇਹੱਦ ਭਾਵੁਕ ਸੰਗ੍ਰਹਿ ਹੈ, ਜੋ ਇੱਕ ਮਾਂ ਦੀਆਂ ਅੰਦਰੂਨੀ ਭਾਵਨਾਵਾਂ, ਉਸ ਦੀਆਂ ਉਮੀਦਾਂ, ਡਰਾਂ ਅਤੇ ਜੀਵਨ ਦੇ ਅਹਿਮ ਸਬਕਾਂ ਨੂੰ ਆਪਣੀਆਂ ਧੀਆਂ ਲਈ ਲਿਖੀਆਂ ਚਿੱਠੀਆਂ ਦੇ ਰੂਪ ਵਿੱਚ ਖ਼ੂਬਸੂਰਤੀ ਨਾਲ ਪੇਸ਼ ਕਰਦੀ ਹੈ। ਉਨ੍ਹਾਂ ਕਿਹਾ ਕਿ ਅੱਜ-ਕੱਲ੍ਹ ਦੇ ਡਿਜੀਟਲ ਦੂਰੀਆਂ ਵਾਲੇ ਦੌਰ ਵਿੱਚ, ਅਜਿਹੀਆਂ ਦਿਲੋਂ ਲਿਖੀਆਂ ਕਹਾਣੀਆਂ ਸਾਨੂੰ ਮਾਂ-ਧੀ ਦੇ ਪਵਿੱਤਰ ਰਿਸ਼ਤੇ ਦੀ ਤਾਕਤ, ਕਦਰਾਂ-ਕੀਮਤਾਂ, ਹੌਸਲੇ ਅਤੇ ਬੱਚਿਆਂ ਦੀ ਪਛਾਣ ਘੜਨ ਵਿੱਚ ਮਾਂ ਦੀ ਅਹਿਮ ਭੂਮਿਕਾ ਦੀ ਯਾਦ ਦਿਵਾਉਂਦੀਆਂ ਹਨ। ਲੇਖਿਕਾ ਰਾਵੀ ਪੰਧੇਰ ਦੀ ਸ਼ਲਾਘਾ ਕਰਦਿਆਂ ਚੇਅਰਮੈਨ ਨੇ ਅੱਗੇ ਕਿਹਾ ਕਿ ਜਦੋਂ ਔਰਤਾਂ ਆਪਣੇ ਜੀਵਨ ਦੇ ਅਸਲ ਅਨੁਭਵਾਂ ਨੂੰ ਕਲਮਬੱਧ ਕਰਦੀਆਂ ਹਨ, ਤਾਂ ਇਸ ਨਾਲ ਪੰਜਾਬ ਦੀ ਸਾਹਿਤਕ ਵਿਰਾਸਤ ਹੋਰ ਅਮੀਰ ਹੁੰਦੀ ਹੈ। ਉਨ੍ਹਾਂ ਕਿਹਾ ਕਿ 'ਲੈਟਰਜ਼ ਟੂ ਮਾਈ ਡੌਟਰਜ਼' ਹਰ ਉਸ ਮਾਂ ਦੇ ਦਿਲ ਦੀ ਆਵਾਜ਼ ਹੈ ਜੋ ਆਪਣੀ ਅਗਲੀ ਪੀੜ੍ਹੀ ਨੂੰ ਹੌਸਲਾ ਤੇ ਦਇਆ ਵਰਗੀ ਵਿਰਾਸਤ ਦੇਣਾ ਚਾਹੁੰਦੀ ਹੈ, ਅਤੇ ਹਰ ਉਸ ਧੀ ਲਈ ਇੱਕ ਮਾਰਗਦਰਸ਼ਕ ਹੈ ਜੋ ਆਪਣੀਆਂ ਜੜ੍ਹਾਂ ਨੂੰ ਸਮਝਣਾ ਚਾਹੁੰਦੀ ਹੈ।ਅਣਕਹੀਆਂ ਗੱਲਾਂ ਨੂੰ ਸੰਭਾਲਣ ਦੀ ਇੱਕ ਕੋਸ਼ਿਸ਼: ਰਾਵੀ ਪੰਧੇਰ ਇਸ ਮੌਕੇ ਲੇਖਿਕਾ ਰਾਵੀ ਪੰਧੇਰ ਨੇ ਆਪਣੇ ਜਜ਼ਬਾਤ ਸਾਂਝੇ ਕਰਦਿਆਂ ਦੱਸਿਆ ਕਿ ਇਹ ਕਿਤਾਬ ਉਨ੍ਹਾਂ ਗੱਲਬਾਤਾਂ ਨੂੰ ਸੰਭਾਲਣ ਲਈ ਲਿਖੀ ਗਈ ਹੈ ਜੋ ਅਕਸਰ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਅਣਕਹੀਆਂ ਰਹਿ ਜਾਂਦੀਆਂ ਹਨ। ਇਹ ਉਨ੍ਹਾਂ ਚੁੱਪ ਕੁਰਬਾਨੀਆਂ, ਸ਼ਾਂਤ ਹਿੰਮਤ ਅਤੇ ਬੇਸ਼ਰਤ ਪਿਆਰ ਨੂੰ ਇੱਕ ਨਿੱਘੀ ਸ਼ਰਧਾਂਜਲੀ ਹੈ ਜੋ ਮਾਂ ਬਣਨ ਦੇ ਅਹਿਸਾਸ ਨੂੰ ਪਰਿਭਾਸ਼ਿਤ ਕਰਦੇ ਹਨ। ਉਨ੍ਹਾਂ ਭਾਵਨਾਤਮਕ ਅਤੇ ਸੱਭਿਆਚਾਰਕ ਸਾਂਝਾਂ ਨੂੰ ਪਾਲਣ ਵਾਲੇ ਸਾਹਿਤ ਨੂੰ ਹਮੇਸ਼ਾ ਉਤਸ਼ਾਹਿਤ ਕਰਨ ਲਈ ਚੇਅਰਮੈਨ ਬਾਲ ਮੁਕੰਦ ਸ਼ਰਮਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਪ੍ਰਭਾਵਸ਼ਾਲੀ ਸਾਹਿਤਕ ਸਮਾਰੋਹ ਦੌਰਾਨ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ, ਵਿਜੇ ਦੱਤ, ਚੇਤਨ ਪ੍ਰਕਾਸ਼ ਧਾਲੀਵਾਲ ਅਤੇ ਮੈਂਬਰ ਸਕੱਤਰ ਕਨੂੰ ਥਿੰਦ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ ਅਤੇ ਲੇਖਿਕਾ ਨੂੰ ਮੁਬਾਰਕਬਾਦ ਦਿੱਤੀ।

# ਖੰਨਾ ਦੇ ਸਿਵਲ ਹਸਪਤਾਲ 'ਚ ਐਮਰਜੈਂਸੀ ਵਾਰਡ ਦੇ ਬਾਹਰ ਇੱਕ ਆਟੋ ਵਿੱਚ ਹੀ ਗਰਭਵਤੀ ਔਰਤ ਨੇ ਬੱਚੀ ਨੂੰ ਜਨਮ ਦਿੱਤਾ

## ਇਸ ਮੰਦਭਾਗੀ ਘਟਨਾ ਨੇ ਕੀਤਾ ਸ਼ਰਮਸਾਰ, ਪੰਜਾਬ ਸਰਕਾਰ ਦੇ ਦਾਅਵਿਆਂ ਤੇ ਸਿਹਤ ਸਹੂਲਤਾਂ ਦੀ ਨਿਕਲੀ ਫੂਕ

ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**

ਖੰਨਾ ਦੇ ਸਿਵਲ ਹਸਪਤਾਲ ਵਿੱਚ ਸ਼ੁੱਕਰਵਾਰ ਰਾਤ ਉਸ ਵੇਲੇ ਭਾਜੜਾਂ ਪੈ ਗਈਆਂ ਜਦੋਂ ਐਮਰਜੈਂਸੀ ਵਾਰਡ ਦੇ ਬਾਹਰ ਇੱਕ ਆਟੋ ਵਿੱਚ ਹੀ ਗਰਭਵਤੀ ਔਰਤ ਨੇ ਬੱਚੀ ਨੂੰ ਜਨਮ ਦੇ ਦਿੱਤਾ। ਘਟਨਾ ਤੋਂ ਬਾਅਦ ਹਸਪਤਾਲ ਸਟਾਫ਼ ਵਿੱਚ ਭਾਜੜਾਂ ਪੈ ਗਈਆਂ ਅਤੇ ਤੁਰੰਤ ਜੱਚਾ-ਬੱਚਾ ਨੂੰ ਲੇਬਰ ਰੂਮ ਵਿੱਚ ਲਿਜਾ ਕੇ ਇਲਾਜ ਸ਼ੁਰੂ ਕੀਤਾ ਗਿਆ। ਡਾਕਟਰ ਅਨੁਸਾਰ ਮਾਂ ਅਤੇ ਨਵਜੰਮੀ ਬੱਚੀ ਦੋਵੇਂ ਦੀ ਹਾਲਤ ਸਥਿਰ ਹੈ। ਜਾਣਕਾਰੀ ਅਨੁਸਾਰ ਅਵਤਾਰ ਨਗਰ, ਲਲਹੇੜੀ ਰੋਡ, ਖੰਨਾ ਦੀ ਰਹਿਣ ਵਾਲੀ ਇੱਕ ਗਰਭਵਤੀ ਔਰਤ ਨੂੰ ਸ਼ੁੱਕਰਵਾਰ ਰਾਤ ਅਚਾਨਕ ਜਣੇਪੇ ਦਾ ਦਰਦ ਸ਼ੁਰੂ ਹੋ ਗਿਆ। ਉਸਦਾ ਪਤੀ ਪਹਾੜੂ ਲਲਹੇੜੀ ਚੌਂਕ ਤੋਂ ਇੱਕ ਆਟੋ ਲੈ ਕੇ ਆਇਆ ਅਤੇ ਪਤਨੀ ਨੂੰ ਤੁਰੰਤ ਸਿਵਲ ਹਸਪਤਾਲ ਲਈ ਰਵਾਨਾ ਹੋ ਗਿਆ। ਜਿਵੇਂ ਹੀ ਆਟੋ ਸਿਵਲ ਹਸਪਤਾਲ ਦੇ ਮੁੱਖ ਗੇਟ ਰਾਹੀਂ ਅੰਦਰ ਦਾਖਲ ਹੋ ਕੇ ਐਮਰਜੈਂਸੀ ਵਾਰਡ ਦੇ ਬਾਹਰ ਪਹੁੰਚਿਆ ਤਾਂ ਔਰਤ ਦੀ ਡਿਲੀਵਰੀ ਹੋ ਗਈ ਅਤੇ ਉਸਨੇ ਆਟੋ ਵਿੱਚ ਹੀ ਇੱਕ ਬੱਚੀ ਨੂੰ ਜਨਮ ਦੇ ਦਿੱਤਾ। ਪਰਿਵਾਰਕ ਮੈਂਬਰ ਤੁਰੰਤ ਐਮਰਜੈਂਸੀ ਵਿੱਚ ਪਹੁੰਚੇ ਅਤੇ ਹਸਪਤਾਲ ਸਟਾਫ਼ ਨੂੰ ਸੂਚਨਾ ਦਿੱਤੀ। ਔਰਤ ਅਤੇ ਨਵਜੰਮੀ ਬੱਚੀ ਨੂੰ ਆਟੋ ਵਿੱਚੋਂ ਬਾਹਰ ਕੱਢ ਕੇ ਲੇਬਰ ਰੂਮ ਵਿੱਚ ਲਿਜਾਇਆ ਗਿਆ, ਜਿੱਥੇ ਦੋਵਾਂ ਦਾ ਇਲਾਜ ਸ਼ੁਰੂ ਕੀਤਾ ਗਿਆ।ਦੂਜੇ ਪਾਸੇ ਔਰਤ ਦੇ ਪਤੀ ਪਹਾੜੂ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਨਹੀਂ ਸੀ ਕਿ ਐਂਬੂਲੈਂਸ ਸੇਵਾ ਕਿਵੇਂ ਮੰਗਵਾਈ ਜਾਂਦੀ ਹੈ। ਇਸ ਮੰਦਭਾਗੀ ਘਟਨਾ ਨੇ ਉਦੋਂ ਸ਼ਰਮਸਾਰ ਕਰ ਦਿੱਤਾ ਕਿ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਪੰਜਾਬ ਸਰਕਾਰ ਪੂਰੀ ਤਰਾਂ ਬਚਨ ਵੱਧ ਹੈ ਪਰੰਤੂ ਪੰਜਾਬ ਵਿੱਚ ਆਮ ਪਾਰਟੀ ਦੀ ਸਰਕਾਰ ਹੈ ਜੋ ਰੋਜਾਨਾ ਹੀ ਸਿਹਤ ਸੇਵਾਵਾਂ ਦੇ ਉਪਰਾਲੇ ਕਰਨ ਦੇ ਛੋਹਲੇ ਗਾਉਂਦੀ ਰਹਿੰਦੀ ਹੈ। ਪੰਜਾਬ ਸਰਕਾਰ ਦੀਆਂ ਸਿਹਤ ਸੇਵਾਵਾਂ ਅਤੇ ਸੂਬੇ ਵਿੱਚ 'ਸਿਹਤ ਕ੍ਰਾਂਤੀ' ਦੇ ਵੱਡੇ-ਵੱਡੇ ਦਾਵਿਆਂ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਰੋਜ਼ਾਨਾ ਹੀ ਪਾਰਟੀ ਪ੍ਰੋਗਰਾਮਾਂ ਵਿੱਚ ਇਹ ਗੱਲਾਂ ਆਖਦੇ ਹਨ ਕਿ ਪੰਜਾਬ ਸਰਕਾਰ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਪੂਰੀ ਤਰਾਂ



ਵਚਨਬੱਧ ਹੈ। ਇਸਦੀ ਫੂਕ ਉਦੋਂ ਨਿਕਲੀ ਜਦੋਂ ਇੱਕ ਔਰਤ ਨੇ ਆਟੋ ਵਿੱਚ ਸਿਵਲ ਹਸਪਤਾਲ ਦੀ ਕੁਝ ਹੀ ਦੂਰੀ ਦੇ ਬਾਹਰ ਇੱਕ ਬੱਚੀ ਨੂੰ ਜਨਮ ਦਿੱਤਾ। ਸਿਵਲਾਤਾਲ ਵਿੱਚ ਆਏ ਲੋਕਾਂ ਨੇ ਸਰਕਾਰ ਨੂੰ ਕੋਸਦੇ ਹੋਏ ਕਿਹਾ ਤੇ ਸਿਹਤ ਅਤੇ ਸਰਕਾਰੀ ਸਹੂਲਤਾਂ ਲੈਣ ਲਈ ਐਂਬੂਲੈਂਸ 108 ਦੀ ਵਰਤੋਂ ਕੀਤੀ ਜਾਵੇ ਜਿਸ ਦੀ ਸੇਵਾ ਪੰਜਾਬ ਸਰਕਾਰ ਬਿਲਕੁਲ ਵੱਲੋਂ ਮੁਫ਼ਤ ਦਿੱਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਰੋਜਾਨਾ ਹੀ ਇਹ ਗੱਲਾਂ ਆਖਦੇ ਹਨ ਕਿ ਪੰਜਾਬ ਸਰਕਾਰ ਦੀਆਂ ਸਿਹਤ ਸਹੂਲਤ ਸੇਵਾਵਾਂ ਲੋਕਾਂ ਨੂੰ ਮੁਫਤ ਦਿੱਤੀਆਂ ਜਾਂਦੀਆਂ ਹਨ ਜਿਨਾਂ ਦਾ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਲੈ ਕੇ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ। ਖੰਨਾ ਹਲਕੇ ਦੇ ਵੱਖ-ਵੱਖ ਵਾਰਡ ਵਿੱਚ ਮਹੱਲਾ ਕਲੀਨਿਕ ਖੋਲੇ ਗਏ ਹਨ। ਇਹਨਾਂ ਮਹੱਲਾ ਕਲੀਨਿਕਾਂ ਵਿੱਚ ਪੰਜਾਬ ਦੇ ਲੋਕਾਂ ਦਾ ਇਲਾਜ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ ਅਤੇ ਲੋਕਾਂ ਦੇ ਪੈਸੇ ਤੇ ਸਮਾਂ ਬਚਦਾ ਹੈ ਪਰ ਸਰਕਾਰ ਦੇ ਕਹਿਣੀ ਅਤੇ ਕਰਨੀ ਚ ਬਹੁਤ ਅੰਤਰ ਹੈ ਪਰ ਸਿਹਤ ਵਿਭਾਗ ਵੱਲੋਂ ਗ਼ਰੀਬ ਵਰਗ ਤੱਕ ਜਾਣਕਾਰੀ ਨਾ ਪਹੁੰਚਾਉਣਾ ਇੱਕ ਵੱਡੀ ਲਾਪਰਵਾਹੀ ਦਾ ਨਤੀਜਾ ਹੈ। ਇਸ ਮੌਕੇ ਆਟੋ ਦੇ ਮਾਲਕ ਪਹਾੜੂ ਨੇ ਆਪਣੀ ਪਤਨੀ ਨੂੰ ਆਟੋ ਰਾਹੀਂ ਹੀ ਹਸਪਤਾਲ ਲੈ ਕੇ ਆਇਆ। ਉਸਨੇ ਇਹ ਵੀ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਦੇ ਨਾਲ ਕੋਈ ਆਸ਼ਾ ਵਰਕਰ ਜਾਂ ਸਿਹਤ ਵਿਭਾਗ ਦਾ ਕਰਮਚਾਰੀ ਮੌਜੂਦ ਨਹੀਂ ਸੀ। ਆਟੋ ਚਾਲਕ ਗੁਰਚਰਨ ਸਿੰਘ ਨੇ ਦੱਸਿਆ ਕਿ ਔਰਤ ਆਟੋ ਦੀ ਸੀਟ ਉਪਰ ਲੇਟੀ ਹੋਈ ਸੀ ਅਤੇ ਉਸਦਾ ਪਤੀ ਨਾਲ ਬੈਠਾ ਸੀ। ਕਰੀਬ ਡੇਢ ਕਿਲੋਮੀਟਰ ਤੋਂ ਉਹ ਲੈਕੇ ਆਇਆ ਸੀ। ਜਦੋਂ ਸਰਕਾਰੀ ਹਸਪਤਾਲ ਦਾ ਗੇਟ ਦਾਖਲ ਹੋਏ ਤਾਂ ਉਦੋਂ ਹੀ ਔਰਤ ਨੇ ਬੱਚੀ ਨੂੰ ਜਨਮ ਦੇ ਦਿੱਤਾ। ਬਾਅਦ ਚ ਔਰਤ ਨੂੰ ਵ੍ਹੀਲ ਚੇਅਰ ਰਾਹੀਂ ਲੈਕੇ ਗਏ। ਜੱਚਾ ਬੱਚਾ ਠੀਕ ਹਨ। ਇਸ ਘਟਨਾ ਨੇ ਇੱਕ ਵਾਰ ਫਿਰ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਗਰਭਵਤੀ ਔਰਤਾਂ ਲਈ ਐਮਰਜੈਂਸੀ ਸਿਹਤ ਸੇਵਾਵਾਂ, 108 ਐਂਬੂਲੈਂਸ ਸੇਵਾ ਬਾਰੇ ਜਾਗਰੂਕਤਾ ਅਤੇ ਆਸ਼ਾ ਵਰਕਰਾਂ ਦੀ ਉਪਲਬਧਤਾ ਨੂੰ ਲੈ ਕੇ ਸਵਾਲ ਖੜ੍ਹੇ ਕਰ ਦਿੱਤੇ ਹਨ। ਦੂਜੇ ਪਾਸੇ, ਐਸਐਮਓ ਡਾ. ਮਨਿੰਦਰ ਸਿੰਘ ਭਸੀਨ ਨੇ ਕਿਹਾ ਕਿ ਪਰਿਵਾਰਕ ਮੈਂਬਰਾਂ ਨੇ ਕਿਸੇ ਨੂੰ ਵੀ ਪਹਿਲਾਂ ਸੂਚਿਤ ਨਹੀਂ ਕੀਤਾ। ਨਾ ਹੀ ਆਸ਼ਾ ਵਰਕਰ ਨੂੰ ਜਾਣਕਾਰੀ ਦਿੱਤੀ ਅਤੇ ਨਾ ਹੀ ਐਂਬੂਲੈਂਸ ਨੂੰ ਫੋਨ ਕੀਤਾ। ਉਹ ਗਰਭਵਤੀ ਮਹਿਲਾ ਨੂੰ ਆਪਣੇ ਤੌਰ 'ਤੇ ਆਟੋ ਰਾਹੀਂ ਹਸਪਤਾਲ ਲੈ ਕੇ ਆਏ। ਜਿਵੇਂ ਹੀ ਉਹ ਹਸਪਤਾਲ ਪਹੁੰਚੇ, ਤੁਰੰਤ ਜਣੇਪਾ ਹੋ ਗਿਆ। ਹਸਪਤਾਲ ਦੇ ਸਟਾਫ ਨੇ ਫੌਰੀ ਤੌਰ 'ਤੇ ਇਲਾਜ ਅਤੇ ਲੋੜੀਂਦੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ। ਇਸ ਵੇਲੇ ਜੱਚਾ ਅਤੇ ਬੱਚਾ ਦੋਵੇਂ ਸੁਰੱਖਿਅਤ ਹਨ।

# ਅਕਾਲੀ ਬੇਅਦਬੀ ਵਿਰੋਧੀ ਐਕਟ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਕਿ ਪਿਛਲੇ ਗੁਨਾਹਾਂ ਦੀ ਕੀਮਤ ਚੁਕਾਉਣੀ ਪਵੇਗੀ : ਮਾਨ

**ਫ਼ਰੀਦਕੋਟ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਅਕਾਲੀ ਬੇਅਦਬੀ ਵਿਰੋਧੀ ਐਕਟ ਦਾ ਵਿਰੋਧ ਇਸ ਲਈ ਕਰ ਰਹੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਨੂੰ ਆਪਣੇ ਪਿਛਲੇ ਗੁਨਾਹਾਂ ਦਾ ਹਿਸਾਬ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਜ਼ਿੰਮੇਵਾਰ ਤਾਕਤਾਂ ਨਾਲ ਹੱਥ ਮਿਲਾਇਆ ਸੀ। ਫ਼ਰੀਦਕੋਟ ਵਿਖੇ ਇੱਕ 'ਲੋਕ ਮਿਲਣੀ' ਦੌਰਾਨ ਮੁੱਖ ਮੰਤਰੀ ਨੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਪੰਜਾਬ ਨੂੰ ਲੁੱਟਣ ਲਈ ਜ਼ਿੰਮੇਵਾਰ ਠਹਿਰਾਇਆ। ਲੋਕ ਭਲਾਈ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਕੂਲੀ ਸਿੱਖਿਆ ਵਿੱਚ ਪੰਜਾਬ ਦੇ ਦੇਸ਼ ਵਿੱਚੋਂ ਮੋਹਰੀ ਸੂਬਾ ਬਣਨ, ਬਿਨਾਂ ਕਿਸੇ ਭ੍ਰਿਸ਼ਟਾਚਾਰ ਦੇ 68,000 ਤੋਂ ਵੱਧ ਸਰਕਾਰੀ ਨੌਕਰੀਆਂ ਦੇਣ, ਨਹਿਰੀ ਸਿੰਚਾਈ ਨੂੰ 22 ਫੀਸਦ ਤੋਂ ਵਧਾ ਕੇ 80 ਫੀਸਦ ਤੋਂ ਵੱਧ ਕਰਨ, ਇਕ ਜੁਲਾਈ ਤੋਂ ਯੋਗ ਔਰਤਾਂ ਲਈ ਵਿੱਤੀ ਸਹਾਇਤਾ ਸ਼ੁਰੂ ਕਰਨ ਅਤੇ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਪ੍ਰਤੀ ਪਰਿਵਾਰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੇ ਲਾਭਾਂ 'ਤੇ ਚਾਨਣਾ ਪਾਇਆ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਕਾਲੀ ਬੇਅਦਬੀ ਵਿਰੋਧੀ ਐਕਟ ਦਾ ਪੂਰਾ ਵਿਰੋਧ ਕਰ ਰਹੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਨੂੰ ਪਿਛਲੇ ਸਮੇਂ ਵਿੱਚ ਕੀਤੇ ਗੁਨਾਹਾਂ ਦੀ ਕੀਮਤ ਚੁਕਾਉਣੀ ਪਵੇਗੀ। ਅਕਾਲੀ ਉਨ੍ਹਾਂ ਦੇਸ਼-ਵਿਰੋਧੀ ਤਾਕਤਾਂ ਨਾਲ ਮਿਲੇ ਹੋਏ ਸਨ ਜਿਨ੍ਹਾਂ ਨੇ ਪਿਛਲੇ ਸਮੇਂ ਵਿੱਚ ਬੇਅਦਬੀ ਦੀਆਂ ਸਾਜ਼ਿਸ਼ਾਂ ਰਚੀਆਂ ਸਨ। ਹੁਣ ਇਨ੍ਹਾਂ ਆਗੂਆਂ ਨੂੰ ਆਪਣੇ ਮਾੜੇ ਕਰਮਾਂ ਦਾ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ, ਜਿਸ ਕਾਰਨ ਉਹ ਅਤੇ ਉਨ੍ਹਾਂ ਦੇ ਪਿੱਠੂ ਇਸ ਬੇਅਦਬੀ ਵਿਰੋਧੀ ਐਕਟ ਦਾ ਵਿਰੋਧ ਕਰ ਰਹੇ ਹਨ। ਹਾਲਾਂਕਿ, ਇਹ ਮੈਨੂੰ ਲੋਕਾਂ ਦੀ ਭਲਾਈ ਲਈ ਕੰਮ ਕਰਨ ਤੋਂ ਨਹੀਂ ਰੋਕ ਸਕੇਗਾ ਅਤੇ ਮੈਂ ਇਸ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ। ਮੁੱਖ ਮੰਤਰੀ ਨੇ ਕਿਹਾ, "ਮੇਰੇ ਤੋਂ ਪਹਿਲਾਂ ਰਹੇ ਮੁੱਖ ਮੰਤਰੀ ਕਦੇ ਆਮ ਲੋਕਾਂ ਨੂੰ ਨਹੀਂ ਮਿਲੇ ਕਿਉਂਕਿ ਉਹ ਮੌਸਮ ਦੇਖ ਕੇ ਹੀ ਆਪਣੇ ਆਰਾਮਦਾਇਕ ਘਰਾਂ ਤੋਂ ਬਾਹਰ ਨਿਕਲਦੇ ਸਨ, ਜਦੋਂ ਕਿ ਮੈਂ ਲੋਕਾਂ ਲਈ 24 ਘੰਟੇ ਹਾਜ਼ਰ ਹਾਂ।



ਇਨ੍ਹਾਂ ਆਗੂਆਂ ਨੇ ਆਪਣੇ ਸਰਕਾਰੀ ਅਹੁਦਿਆਂ ਦੀ ਦੁਰਵਰਤੋਂ ਕਰਕੇ ਅਥਾਹ ਦੌਲਤ ਇਕੱਠੀ ਕੀਤੀ ਅਤੇ ਗੈਰ-ਕਾਨੂੰਨੀ ਤੌਰ 'ਤੇ ਵੱਡੇ-ਵੱਡੇ ਮਹਿਲ ਬਣਾਏ। ਇਨ੍ਹਾਂ ਆਲੀਸ਼ਾਨ ਕੋਠੀਆਂ ਦੀਆਂ ਕੰਧਾਂ ਉੱਚੀਆਂ ਸਨ ਅਤੇ ਇਨ੍ਹਾਂ ਦੇ ਗੇਟ ਲੋਕਾਂ ਲਈ ਹਮੇਸ਼ਾ ਬੰਦ ਰਹਿੰਦੇ ਸਨ। ਉਹ ਜਨਤਾ ਦੀ ਪਹੁੰਚ ਤੋਂ ਦੂਰ ਰਹੇ ਅਤੇ ਆਖ਼ਰਕਾਰ ਲੋਕਾਂ ਨੇ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ। ਉਨ੍ਹਾਂ ਕਿਹਾ, "ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਨਕਾਰ ਦਿੱਤਾ ਹੈ ਜਿਨ੍ਹਾਂ ਨੇ ਵਾਰੋ-ਵਾਰੀ ਉਨ੍ਹਾਂ ਨੂੰ ਲੁੱਟਿਆ। ਇਨ੍ਹਾਂ ਆਗੂਆਂ ਨੇ ਲੰਮਾ ਸਮਾਂ ਲੋਕਾਂ ਨੂੰ ਮੂਰਖ ਬਣਾਇਆ, ਪਰ ਹੁਣ ਸੂਬੇ ਦੇ ਸੂਝਵਾਨ ਲੋਕ ਇਨ੍ਹਾਂ ਦੇ ਗੁਮਰਾਹਕੁੰਨ ਪ੍ਰਚਾਰ ਵਿੱਚ ਆਉਣ ਵਾਲੇ ਨਹੀਂ ਹਨ। ਇਨ੍ਹਾਂ ਹੰਕਾਰੀ ਸਿਆਸਤਦਾਨਾਂ ਨੇ ਹਮੇਸ਼ਾ ਲੋਕਾਂ ਨੂੰ ਹਲਕੇ ਵਿੱਚ ਲਿਆ ਅਤੇ ਆਖ਼ਰਕਾਰ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਗਿਆ। ਇਹ ਮੌਕਾਪ੍ਰਸਤ ਆਗੂ ਇਸ ਲਈ ਬੁਖਲਾਏ ਹੋਏ ਹਨ ਕਿਉਂਕਿ ਹੁਣ ਲੋਕ ਇਨ੍ਹਾਂ ਨੂੰ ਕੋਈ ਹੁੰਗਾਰਾ ਨਹੀਂ ਦੇ ਰਹੇ। ਇਨ੍ਹਾਂ ਦਾ ਏਜੰਡਾ ਹਮੇਸ਼ਾ ਲੋਕਾਂ ਦੀ ਭਲਾਈ ਦੀ ਬਜਾਏ ਸਿਰਫ਼ ਆਪਣੇ ਪਰਿਵਾਰਾਂ ਦੀ ਭਲਾਈ ਤੱਕ ਹੀ ਸੀਮਤ ਰਿਹਾ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ, "ਮੈਂ ਅਕਾਲ ਪੁਰਖ ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਮੈਨੂੰ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ, 2026' ਪਾਸ ਕਰਨ ਦਾ ਮੌਕਾ ਬਖਸ਼ਿਆ।

ਜਦੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ, ਕਰੋੜਾਂ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚੀ। ਪ੍ਰਮਾਤਮਾ ਨੇ ਮੈਨੂੰ ਕਾਨੂੰਨੀ ਮਾਹਿਰਾਂ ਨਾਲ ਵਿਸਤ੍ਰਿਤ ਸਲਾਹ-ਮਸ਼ਵਰੇ ਤੋਂ ਬਾਅਦ ਇਹ ਕਾਨੂੰਨ ਲਿਆਉਣ ਦੀ ਬੁੱਧੀ ਅਤੇ ਤਾਕਤ ਬਖਸ਼ੀ ਹੈ। ਮੁੱਖ ਮੰਤਰੀ ਨੇ ਕਿਹਾ, "ਸੂਬਾ ਸਰਕਾਰ ਨੇ ਇਹ ਕਾਨੂੰਨ ਬਹੁਤ ਸੋਚ-ਸਮਝ ਕੇ ਤਿਆਰ ਕੀਤਾ ਹੈ ਤਾਂ ਜੋ ਭਵਿੱਖ ਵਿੱਚ ਕੋਈ ਵੀ ਸੋਧ ਜਾਂ ਕਮੀਆਂ ਇਸ ਨੂੰ ਕਮਜ਼ੋਰ ਨਾ ਕਰ ਸਕਣ। ਇਹ ਕਾਨੂੰਨ ਭਵਿੱਖ ਵਿੱਚ ਅਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨਾਲ ਸਖ਼ਤੀ ਨਾਲ ਜਵਾਬ ਦੇਵੇਗਾ ਅਤੇ ਕੋਈ ਵੀ ਕਦੇ ਇਸ ਘਿਨਾਉਣੇ ਅਪਰਾਧ ਨੂੰ ਅੰਜਾਮ ਨਹੀਂ ਦੇ ਸਕੇਗਾ। ਪਹਿਲਾਂ, ਲੋਕ ਇਹ ਦਾਅਵਾ ਕਰਕੇ ਸਜ਼ਾ ਤੋਂ ਬਚ ਜਾਂਦੇ ਸਨ ਕਿ ਉਨ੍ਹਾਂ ਦਾ ਦਿਮਾਗ ਖ਼ਰਾਬ ਸੀ ਜਾਂ ਉਹ ਮਾਨਸਿਕ ਤੌਰ 'ਤੇ ਬੀਮਾਰ ਸਨ। ਪਰ, ਜੇਕਰ ਕੋਈ ਸੱਚਮੁੱਚ ਮਾਨਸਿਕ ਤੌਰ 'ਤੇ ਅਸਥਿਰ ਹੈ ਤਾਂ ਉਹ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਕਿਉਂ ਨਿਸ਼ਾਨਾ ਬਣਾਉਂਦਾ ਹੈ? ਉਹ ਕਿਸੇ ਰੇਲ ਇੰਜਣ ਨਾਲ ਕਿਉਂ ਨਹੀਂ ਟਕਰਾਉਂਦਾ ਜਾਂ ਬਿਜਲੀ ਦੀਆਂ ਨੰਗੀਆਂ ਤਾਰਾਂ ਨੂੰ ਕਿਉਂ ਨਹੀਂ ਹੱਥ ਲਾਉਂਦਾ? ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕਈ ਹੋਰ ਪਤਵੰਤੇ ਵੀ ਹਾਜ਼ਰ ਸਨ।

## ਵਿਜੀਲੈਂਸ ਬਿਊਰੋ ਵੱਲੋਂ ਮਾਰਚ 2022 ਤੋਂ ਮਈ 2026 ਦਰਮਿਆਨ 1055 ਦਰਜ ਮਾਮਲਿਆਂ ਵਿੱਚ 1111 ਮੁਲਜ਼ਮ ਗ੍ਰਿਫ਼ਤਾਰ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਅਪਣਾਈ ਗਈ 'ਜ਼ੀਰੋ ਟਾਲਰੈਂਸ' ਨੀਤੀ ਤਹਿਤ ਵਿਜੀਲੈਂਸ ਬਿਊਰੋ ਨੇ 16-03-2022 ਤੋਂ 31-05-2026 ਤੱਕ ਵਿੱਢੀ ਆਪਣੀ ਮੁਹਿੰਮ ਦੌਰਾਨ ਕੁੱਲ 1055 ਕੇਸ ਦਰਜ ਕੀਤੇ ਹਨ, ਜਿਨ੍ਹਾਂ ਵਿੱਚ 1111 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਇਸ ਸਮੇਂ ਦੌਰਾਨ ਕੁੱਲ 296 ਵਿਜੀਲੈਂਸ ਇਨਕੁਆਰੀਜ਼ ਦਰਜ ਕੀਤੀਆਂ ਗਈਆਂ ਅਤੇ ਅਦਾਲਤਾਂ ਵੱਲੋਂ ਭ੍ਰਿਸ਼ਟਾਚਾਰ ਦੇ 149 ਕੇਸਾਂ ਵਿੱਚ 236 ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾਵਾਂ ਸੁਣਾਈਆਂ ਗਈਆਂ। ਇਸ

**ਭ੍ਰਿਸ਼ਟਾਚਾਰ ਖ਼ਿਲਾਫ਼ ਪੰਜਾਬ ਸਰਕਾਰ ਦੀ 'ਜ਼ੀਰੋ ਟਾਲਰੈਂਸ' ਨੀਤੀ ਦੀ ਹਕੀਕਤ ਆਈ ਸਾਹਮਣੇ**

ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਸਮੇਂ ਦੌਰਾਨ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰਨ ਦੇ 503 ਮਾਮਲਿਆਂ ਵਿੱਚ 610 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸੇ ਤਰ੍ਹਾਂ 521 ਅਪਰਾਧਿਕ ਕੇਸਾਂ ਵਿੱਚ 485 ਮੁਲਜ਼ਮਾਂ ਨੂੰ ਅਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ 31 ਕੇਸਾਂ ਵਿੱਚ 16 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸੇ ਅਰਸੇ ਦੌਰਾਨ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਸਬੰਧੀ 116 ਵਿਜੀਲੈਂਸ ਇਨਕੁਆਰੀਜ਼ ਦਰਜ ਕੀਤੀਆਂ ਗਈਆਂ, ਜਦੋਂ ਕਿ 180 ਹੋਰ ਵੱਖ-ਵੱਖ ਕੇਸਾਂ ਵਿੱਚ ਵੀ ਵਿਜੀਲੈਂਸ ਇਨਕੁਆਰੀਜ਼ ਦਰਜ ਕੀਤੀਆਂ ਗਈਆਂ ਹਨ।

## ਡਿਪਟੀ ਕਮਿਸ਼ਨਰ ਦੀ ਪਹਿਲਕਦਮੀ, ਆਪਣੇ ਢਾਈ ਮਹੀਨੇ ਦੇ ਪੁੱਤਰ ਨੂੰ ਪੋਲੀਓ ਬੂੰਦਾਂ ਪਿਲਾ ਕੇ ਤਿੰਨ ਦਿਨਾਂ ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ ਕੀਤੀ

**ਜਲੰਧਰ/ਬਲਵਿੰਦਰ ਕੁਮਾਰ**

ਜ਼ਿਲ੍ਹੇ ਵਿੱਚ ਐਤਵਾਰ ਨੂੰ ਤਿੰਨ ਦਿਨਾਂ ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੇ ਢਾਈ ਮਹੀਨੇ ਦੇ ਪੁੱਤਰ ਨੂੰ ਸਿਹਤ ਵਿਭਾਗ ਦੀ ਟੀਮ ਵੱਲੋਂ ਪੋਲੀਓ ਰੋਧਕ ਬੂੰਦਾਂ ਪਿਲਾ ਕੇ ਕੀਤੀ ਗਈ। ਮਾਪਿਆਂ ਨੂੰ ਇਸ ਮੁਹਿੰਮ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ ਦੀ ਅਪੀਲ ਕਰਦਿਆਂ ਵਾਲੀਆ ਨੇ ਕਿਹਾ ਕਿ ਪੰਜ ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਨੂੰ ਪੋਲੀਓ ਬੂੰਦਾਂ ਜ਼ਰੂਰ ਪਿਲਾਈਆਂ ਜਾਣ ਤਾਂ ਜੋ ਭਾਰਤ ਪੋਲੀਓ ਮੁਕਤ ਦੇਸ਼ ਬਣਿਆ ਰਹੇ। ਉਨ੍ਹਾਂ ਵਸਨੀਕਾਂ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਪੂਰਾ ਸਹਿਯੋਗ ਦੇਣ ਅਤੇ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਕੋਈ ਵੀ ਯੋਗ ਬੱਚਾ ਇਸ ਮੁਹਿੰਮ ਦੌਰਾਨ ਕਵਰ ਹੋਣ ਤੋਂ ਵਾਂਝਾ ਨਾ ਰਹਿ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ 2,203 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 2,107 ਹਾਊਸ ਟੂ ਹਾਊਸ ਟੀਮਾਂ, 66 ਮੋਬਾਈਲ ਟੀਮਾਂ ਅਤੇ 30 ਟਰਾਂਜ਼ਿਟ ਟੀਮਾਂ ਸ਼ਾਮਲ ਹਨ। ਇਹ ਟੀਮਾਂ ਪੰਜ ਸਾਲ ਤੋਂ ਘੱਟ ਉਮਰ ਦੇ 1,96,657 ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣਗੀਆਂ। ਉਨ੍ਹਾਂ ਕਿਹਾ ਕਿ ਇਹ ਟੀਮਾਂ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੇ ਲਗਭਗ 5,41,258



ਘਰ ਕਵਰ ਕਰਨ ਤੋਂ ਇਲਾਵਾ 715 ਉੱਚ-ਜੋਖਮ ਵਾਲੇ ਸਥਾਨਾਂ ਤੱਕ ਪਹੁੰਚ ਕਰਨਗੀਆਂ, ਜਿਨ੍ਹਾਂ ਵਿੱਚ ਝੁੱਗੀਆਂ-ਝੌਂਪੜੀਆਂ, ਇੱਟਾਂ ਦੇ ਭੱਠੇ, ਉਦਯੋਗਿਕ ਖੇਤਰ, ਅਸਥਾਈ ਬਸਤੀਆਂ ਅਤੇ ਹੋਰ ਸੰਵੇਦਨਸ਼ੀਲ ਇਲਾਕੇ ਸ਼ਾਮਲ ਹਨ। ਇਸ ਮੌਕੇ ਸਿਵਲ ਸਰਜਨ ਡਾ. ਰਾਜੇਸ਼ ਗਰਗ ਵੀ ਮੌਜੂਦ ਸਨ। ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਮੁਹਿੰਮ ਦੀ ਸਫ਼ਲਤਾ ਲਈ ਵਿਆਪਕ ਪ੍ਰਬੰਧ ਕੀਤੇ ਹਨ। ਉਨ੍ਹਾਂ ਦੱਸਿਆ ਕਿ ਟੀਕਾਕਰਨ ਮੁਹਿੰਮ ਦੀ ਨੇੜਿਓਂ ਨਿਗਰਾਨੀ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ 267 ਸੁਪਰਵਾਈਜ਼ਰ ਵੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਜਿਹੜੇ ਬੱਚੇ ਕਿਸੇ ਕਾਰਨ ਪਹਿਲੇ ਦਿਨ ਨਿਰਧਾਰਤ ਬੂਥਾਂ ਤੋਂ ਪੋਲੀਓ ਬੂੰਦਾਂ ਪੀਣ ਤੋਂ ਵਾਂਝੇ ਰਹਿ ਜਾਣਗੇ, ਉਨ੍ਹਾਂ ਨੂੰ ਮੁਹਿੰਮ ਦੇ ਬਾਕੀ ਦੋ ਦਿਨਾਂ ਦੌਰਾਨ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਘਰ-ਘਰ ਜਾ ਕੇ ਪੋਲੀਓ ਰੋਧਕ ਬੂੰਦਾਂ ਪਿਲਾਈਆਂ ਜਾਣਗੀਆਂ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸਿਮਰਨਜੀਤ ਕੌਰ, ਸਹਾਇਕ ਸਿਹਤ ਅਫ਼ਸਰ ਡਾ. ਮੀਰਾ, ਮੈਡੀਕਲ ਅਫ਼ਸਰ ਡਾ. ਆਦਿਤਿਆਪਾਲ, ਡੈਂਟਲ ਸਰਜਨ (ਪੀ.ਏ.ਪੀ.) ਡਾ. ਅਨੁਦੀਪ ਕੌਰ, ਡਿਪਟੀ ਐਮ.ਈ.ਆਈ.ਓਜ਼ ਅਸੀਮ ਸ਼ਰਮਾ ਅਤੇ ਰਵਿੰਦਰ ਜੱਸਲ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਮੋਨਿਕਾ, ਐਮ.ਪੀ.ਐਚ.ਡਬਲਯੂ (ਮਹਿਲਾ) ਕਲਪਨਾ ਅਤੇ ਆਸ਼ਾ ਵਰਕਰ ਵੀ ਮੌਜੂਦ ਸਨ।

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਭਰ ਵਿੱਚ 500 ਪੇਂਡੂ ਜਿੰਮ ਲੋਕਾਂ ਨੂੰ ਸਮਰਪਿਤ

**ਫ਼ਰੀਦਕੋਟ** : ਪੰਜਾਬ ਨੂੰ ਨਸ਼ਾ ਮੁਕਤ, ਸਿਹਤਮੰਦ ਅਤੇ ਖੇਡ ਸੱਭਿਆਚਾਰ ਵਾਲਾ ਸੂਬਾ ਬਣਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਅੱਜ ਸੂਬੇ ਭਰ ਵਿੱਚ 500 ਆਧੁਨਿਕ ਪੇਂਡੂ ਜਿੰਮ ਲੋਕਾਂ ਨੂੰ ਸਮਰਪਿਤ ਕਰਕੇ ਇੱਕ ਹੋਰ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਪਹਿਲਾਂ ਹੀ ਚੱਲ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰੱਖਣ ਲਈ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਹੈ। 1,791 ਕਰੋੜ ਰੁਪਏ ਦੇ ਰਿਕਾਰਡ ਖੇਡ ਬਜਟ ਦੇ ਸਹਿਯੋਗ ਨਾਲ ਸੂਬਾ ਸਰਕਾਰ ਪੰਜਾਬ ਭਰ ਵਿੱਚ 3,000 ਆਧੁਨਿਕ ਪੇਂਡੂ ਜਿੰਮ ਸਥਾਪਤ ਕਰ ਰਹੀ ਹੈ ਅਤੇ 3,100 ਖੇਡ ਮੈਦਾਨ ਵਿਕਸਤ ਕਰ ਰਹੀ ਹੈ, ਅਤੇ ਇਸ ਦੇ ਨਾਲ ਹੀ ਟਿਕਾਊ ਖੇਤੀਬਾੜੀ ਵਰਤੋਂ ਲਈ ਪਿੰਡਾਂ ਦੇ ਛੱਪੜਾਂ ਦੇ ਨਵੀਨੀਕਰਨ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ। ਪੇਂਡੂ ਜਿੰਮ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅੱਜ ਪੰਜਾਬ ਦੇ ਨੌਜਵਾਨਾਂ ਅਤੇ ਖੇਡ ਜਗਤ ਲਈ ਇੱਕ ਇਤਿਹਾਸਕ ਦਿਨ ਹੈ। ਇਹ ਪੇਂਡੂ ਜਿੰਮ ਅਤੇ ਖੇਡ ਮੈਦਾਨ ਸਾਡੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਅਸੀਂ ਫ਼ਰੀਦਕੋਟ ਦੇ ਪਿੰਡ ਚੰਦ ਬਾਜਾ ਤੋਂ 500 ਪੇਂਡੂ ਜਿੰਮਾਂ ਦਾ ਉਦਘਾਟਨ ਕੀਤਾ ਹੈ, ਅਤੇ ਮੈਂ ਪੰਜਾਬ ਦੇ ਨੌਜਵਾਨਾਂ ਨੂੰ ਇਸ ਵਿਲੱਖਣ ਅਤੇ ਇਤਿਹਾਸਕ ਪਹਿਲਕਦਮੀ 'ਤੇ ਵਧਾਈ ਦਿੰਦਾ ਹਾਂ। ਸਾਡਾ ਇੱਕੋ ਇੱਕ ਸੁਪਨਾ ਨਸ਼ਾ ਮੁਕਤ, ਸਿਹਤਮੰਦ ਅਤੇ ਰੰਗਲਾ ਪੰਜਾਬ ਬਣਾਉਣਾ ਹੈ। ਮੁੱਖ ਮੰਤਰੀ ਨੇ ਕਿਹਾ, "ਪੰਜਾਬ ਦੇ



ਇਤਿਹਾਸ ਵਿੱਚ ਪਹਿਲੀ ਵਾਰ ਸਿਰਫ਼ ਖੇਡਾਂ ਲਈ 1,791 ਕਰੋੜ ਰੁਪਏ ਦਾ ਰਿਕਾਰਡ ਬਜਟ ਰੱਖਿਆ ਗਿਆ ਹੈ। ਸਾਡੇ ਨੌਜਵਾਨਾਂ ਨੂੰ ਖੇਡ ਮੈਦਾਨ ਅਤੇ ਆਧੁਨਿਕ ਜਿੰਮ ਤੱਕ ਪਹੁੰਚ ਪ੍ਰਦਾਨ ਕਰਨਾ ਸਾਡੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ। ਅਸੀਂ ਲਗਭਗ 200 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਭਰ ਵਿੱਚ 3,000 ਆਧੁਨਿਕ ਪੇਂਡੂ ਜਿੰਮ ਸਥਾਪਤ ਕਰਨ ਦਾ ਟੀਚਾ ਰੱਖਿਆ ਹੈ। ਉਨ੍ਹਾਂ ਅੱਗੇ ਕਿਹਾ, "ਇਹ ਸਿਰਫ਼ ਜਿੰਮ ਨਹੀਂ ਹਨ। ਇਹ ਪੰਜਾਬ ਦੇ ਨੌਜਵਾਨਾਂ ਦੇ ਸਿਹਤਮੰਦ ਤੇ ਰੌਸ਼ਨ ਭਵਿੱਖ ਦੀ ਨੀਂਹ ਹਨ। ਇਸ ਦੇ ਨਾਲ ਹੀ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ 3,100 ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚੋਂ 250 ਖੇਡ ਮੈਦਾਨ ਪਹਿਲਾਂ ਹੀ ਲੋਕਾਂ ਨੂੰ ਸਮਰਪਿਤ ਕੀਤੇ ਜਾ ਚੁੱਕੇ ਹਨ। ਇੱਕ ਹੋਰ ਪ੍ਰਮੁੱਖ ਪਹਿਲਕਦਮੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਸੂਬੇ ਭਰ ਦੇ ਪਿੰਡਾਂ ਦੇ ਛੱਪੜਾਂ ਦੇ ਨਵੀਨੀਕਰਨ ਲਈ ਵਿਆਪਕ ਮੁਹਿੰਮ ਵੀ ਸ਼ੁਰੂ ਕੀਤੀ ਹੈ। ਇਹਨਾਂ ਛੱਪੜਾਂ ਦੀ ਸਫ਼ਾਈ ਲਈ ਵਿਸਥਾਰਤ ਯੋਜਨਾ ਪਹਿਲਾਂ ਹੀ ਤਿਆਰ ਕੀਤੀ ਜਾ ਚੁੱਕੀ ਹੈ ਅਤੇ ਸੋਧੇ ਹੋਏ ਪਾਣੀ ਦੀ ਵਰਤੋਂ ਖੇਤੀਬਾੜੀ ਦੇ ਉਦੇਸ਼ਾਂ ਲਈ ਕੀਤੀ ਜਾਵੇਗੀ। ਇਸ ਪਹਿਲਕਦਮੀ ਨਾਲ ਜ਼ਮੀਨ ਹੇਠਲੇ ਪਾਣੀ 'ਤੇ ਨਿਰਭਰਤਾ ਘਟਾਉਣ ਅਤੇ ਟਿਕਾਊ ਪਾਣੀ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਮਿਲੇਗੀ।

'ਮਾਵਾਂ ਧੀਆਂ ਸਤਿਕਾਰ ਯੋਜਨਾ' ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "1 ਜੁਲਾਈ ਤੋਂ 18 ਸਾਲ ਤੋਂ ਵੱਧ ਉਮਰ ਦੀਆਂ ਮਹਿਲਾ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਮੋਬਾਈਲ ਫੋਨਾਂ 'ਤੇ ਸਹਾਇਤਾ ਰਾਸ਼ੀ ਬਾਰੇ ਨੋਟੀਫਿਕੇਸ਼ਨ ਮਿਲਣੇ ਸ਼ੁਰੂ ਹੋ ਜਾਣਗੇ, ਜੋ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕੀਤੇ ਜਾਣਗੇ।

## ਥਾਣਾ ਸਦਰ ਖੰਨਾ ਦੇ ਨਵ-ਨਿਯੁਕਤ ਐੱਸਐੱਚਓ ਅਜੀਤੇਸ਼ ਕੌਸ਼ਲ ਨੇ ਕੀਤੀ ਲੋਕਾਂ ਨਾਲ ਮੀਟਿੰਗ

### ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਜਾਗਰੂਕ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ

**ਖੰਨਾ/ਮਨਜੀਤ ਸਿੰਘ ਧੀਮਾਨ**

ਪੁਲਿਸ ਜ਼ਿਲ੍ਹਾ ਖੰਨਾ ਦੇ ਐਸਐਸਪੀ ਡਾ. ਦਰਪਣ ਆਹਲੂਵਾਲੀਆ ਦੇ ਦਿਸ਼ਾ ਨਿਰਦੇਸ਼ਾਂ 'ਤੇ ਐਸਪੀਡੀ ਖੰਨਾ ਪਵਨਦੀਪ ਚੌਧਰੀ ਅਤੇ ਡੀਐਸਪੀ ਖੰਨਾ ਵਿਨੋਦ ਕੁਮਾਰ ਦੀ ਅਗਵਾਈ ਵਿੱਚ ਥਾਣਾ ਸਦਰ ਖੰਨਾ ਅਧੀਨ ਪੈਂਦੀ ਪੁਲੀਸ ਚੌਂਕੀ ਈਸੜੂ ਦੇ ਪੰਚਾਇਤ ਘਰ ਵਿੱਚ ਮੀਟਿੰਗ ਦੌਰਾਨ ਮੌਕੇ 'ਤੇ ਹੀ ਐਸਐਚਓ ਨੂੰ ਪਿੰਡ ਵਾਸੀਆਂ ਨੇ ਆ ਰਹੀਆ ਆਪਣੀਆਂ ਸਮੱਸਿਆਵਾਂ ਦੱਸੀਆਂ ਗਈਆਂ। ਜਿਨਾਂ ਵਿੱਚੋਂ ਕੁਝ ਸਮੱਸਿਆਵਾਂ ਦਾ ਮੌਕੇ ਤੇ ਹੀ ਨਿਪਟਾਰਾ ਕਰ ਦਿੱਤਾ ਗਿਆ। ਇਸ ਦੌਰਾਨ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ, ਚੋਰੀਆਂ ਅਤੇ ਹੋਰ ਅਪਰਾਧਿਕ ਘਟਨਾਵਾਂ ਨੂੰ ਰੋਕਣ ਲਈ ਰਣਨੀਤੀ ਸਾਂਝੀ ਕੀਤੀ ਗਈ। ਐੱਸਐੱਚਓ ਅਜੀਤੇਸ਼ ਕੌਸ਼ਲ ਨੇ ਆਖਿਆ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ



ਕਰਨ ਲਈ ਜਨਤਾ ਦਾ ਸਹਿਯੋਗ ਬੇਹੱਦ ਲਾਜ਼ਮੀ ਹੈ। ਉਨ੍ਹਾਂ ਦੁਕਾਨਦਾਰਾਂ ਨੂੰ ਸੁਰੱਖਿਆ ਦੇ ਮੱਦੇਨਜ਼ਰ ਸੀਸੀਟੀਵੀ ਕੈਮਰੇ ਲਗਾਉਣ 'ਤੇ ਰਾਤ ਦੇ ਪਹਿਰੇ ਲਈ ਚੌਂਕੀਦਾਰ ਰੱਖਣ ਦਾ ਸੁਝਾਅ ਦਿੱਤਾ। ਉਨ੍ਹਾਂ ਨੇ ਸਮੂਹ ਦੇਸ਼ ਵਾਸੀਆਂ, ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ, ਮਜ਼ਬੂਤ ਅਤੇ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਸਾਰੇ ਮਿਲ ਕੇ ਜਾਗਰੂਕਤਾ, ਸਿੱਖਿਆ, ਰੋਕਥਾਮ ਅਤੇ ਸਾਂਝੇ ਯਤਨਾਂ ਰਾਹੀਂ ਅਜਿਹਾ ਮਾਹੌਲ ਸਿਰਜੀਏ, ਜਿੱਥੇ ਸਾਡੀ ਨੌਜਵਾਨ ਪੀੜ੍ਹੀ ਸਹੀ ਫ਼ੈਸਲੇ ਲੈ ਸਕੇ ਅਤੇ ਆਪਣੀ ਊਰਜਾ ਨੂੰ ਰਾਸ਼ਟਰ ਨਿਰਮਾਣ ਅਤੇ ਸਮਾਜ ਸੇਵਾ ਲਈ ਸਮਰਪਿਤ ਕਰੇ। ਉਨ੍ਹਾਂ ਕਿਹਾ ਕਿ ਨਸ਼ਾ ਇੱਕ ਬਿਮਾਰੀ ਹੈ, ਅਪਰਾਧ ਨਹੀਂ, ਇਸ ਲਈ ਇਸ ਦਾ ਇਲਾਜ ਅਤੇ ਪੁਨਰਵਾਸ ਜ਼ਰੂਰੀ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਨੂੰ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ, ਸਿਹਤ, ਖੇਡਾਂ ਅਤੇ ਪੁਨਰਵਾਸ ਦੇ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲੇ "ਰੰਗਲਾ ਪੰਜਾਬ"ਅਤੇ ਨਸ਼ਾ-ਮੁਕਤ ਪੰਜਾਬ ਦੀ ਮਜ਼ਬੂਤ ਨੀਂਹ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਨੇ ਮਨੁੱਖਤਾ ਨੂੰ ਸਦਾਚਾਰ, ਸੰਜਮ ਅਤੇ ਉੱਚੇ ਜੀਵਨ ਮੁੱਲਾਂ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿਧਾਂਤਾਂ 'ਤੇ ਚੱਲ ਕੇ ਹੀ ਅਸੀਂ ਨਸ਼ਿਆਂ ਵਰਗੀ ਸਮਾਜਿਕ ਬੁਰਾਈ ਨੂੰ ਜੜ੍ਹੋਂ ਖਤਮ ਕਰ ਸਕਦੇ ਹਾਂ। ਉਨ੍ਹਾਂ ਸਮਾਜਿਕ, ਧਾਰਮਿਕ ਅਤੇ ਵਿਦਿਅਕ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਨੌਜਵਾਨਾਂ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਫੈਲਾਉਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ। ਐਸ ਐਚ ਓ ਅਜੀਤੇਸ਼ ਕੌਸਲ ਨੇ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਅਸੀਂ ਸਾਰੇ ਮਿਲ ਕੇ ਇੱਕ ਸਿਹਤਮੰਦ, ਮਜ਼ਬੂਤ ਅਤੇ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਈਏ ਅਤੇ ਨੌਜਵਾਨਾਂ ਨੂੰ ਰੌਸ਼ਨ ਭਵਿੱਖ ਵੱਲ ਪ੍ਰੇਰਿਤ ਕਰੀਏ। ਉਨ੍ਹਾਂ ਭਰੋਸਾ ਦਿੱਤਾ ਕਿ ਨਸ਼ਾ ਤਸਕਰਾਂ ਖ਼ਿਲਾਫ਼ ਜਾਣਕਾਰੀ ਦੇਣ ਵਾਲੇ ਵਿਅਕਤੀ ਦਾ ਨਾਂ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਸਰਪੰਚ ਜਤਿੰਦਰਜੋਤ ਸਿੰਘ ਜੋਤੀ ਅਤੇ ਪ੍ਰਧਾਨ ਸੁਰਿੰਦਰ ਸਿੰਘ ਕੋਠੇ ਨੇ ਅਪੀਲ ਕੀਤੀ ਕਿ ਈਸੜੂ ਚੌਂਕੀ ਅਧੀਨ 17 ਪਿੰਡ ਆਉਂਦੇ ਹਨ, ਪਰ ਇੱਥੇ ਸਿਰਫ਼ ਦੋ ਮੁਲਾਜ਼ਮ ਤਾਇਨਾਤ ਹੋਣ ਕਾਰਨ ਨਫਰੀ ਵਧਾਈ ਜਾਵੇ।

## ਸਪੀਕਰ ਸੰਧਵਾਂ ਵੱਲੋਂ ਸੰਤ ਕਬੀਰ ਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼ਰਧਾ ਦੇ ਫੁੱਲ ਭੇਟ

**ਚੰਡੀਗੜ੍ਹ** : ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਉੱਘੇ ਕਵੀ ਅਤੇ ਦਾਰਸ਼ਨਿਕ ਸੰਤ ਕਬੀਰ ਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ। ਆਪਣੇ ਸੰਦੇਸ਼ ਵਿੱਚ ਸਪੀਕਰ ਨੇ ਕਿਹਾ ਕਿ ਸੰਤ ਕਬੀਰ ਦਾਸ ਜੀ ਦੀਆਂ ਸਿੱਖਿਆਵਾਂ ਮੌਜੂਦਾ ਸਮੇਂ ਦੇ ਸੰਦਰਭ ਵਿੱਚ ਵੀ ਬਹੁਤ ਪ੍ਰਸੰਗਿਕ ਰਹਿਣਗੀਆਂ।

ਉਨ੍ਹਾਂ ਅੱਗੇ ਕਿਹਾ ਕਿ ਕਬੀਰ ਜੀ ਨੇ ਜੀਵਨ ਭਰ ਸਮਾਜਿਕ ਬੁਰਾਈਆਂ, ਜਾਤ-ਪਾਤ ਦੇ ਵਿਤਕਰੇ ਅਤੇ ਧਾਰਮਿਕ ਕੱਟੜਤਾ ਖ਼?ਲਾਫ਼ ਲੜਾਈ ਲੜੀ। ਸ. ਸੰਧਵਾਂ ਨੇ ਕਿਹਾ ਕਿ ਕਬੀਰ ਜੀ ਨੇ ਵਿਸ਼ਵਵਿਆਪੀ ਪਿਆਰ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ ਅਤੇ ਮਨੁੱਖਤਾ ਨੂੰ ਸਮਾਜਿਕ ਭੇਦਭਾਵਾਂ ਤੋਂ ਉੱਪਰ ਉੱਠਣ ਦੀ ਪ੍ਰੇਰਨਾ ਦਿੱਤੀ। ਸਪੀਕਰ ਨੇ ਅੱਗੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਕਬੀਰ ਜੀ ਦੀ ਪਵਿੱਤਰ ਬਾਣੀ ਦਾ ਸ਼ਾਮਲ ਹੋਣਾ ਉਨ੍ਹਾਂ ਦੇ ਡੂੰਘੇ ਅਧਿਆਤਮਿਕ ਫਲਸਫੇ ਅਤੇ ਸਮਾਨਤਾਵਾਦੀ ਸਮਾਜ ਲਈ ਦ੍ਰਿਸ਼ਟੀਕੋਣ ਦਾ ਪ੍ਰਮਾਣ ਹੈ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਇੱਕ ਬਿਹਤਰ ਅਤੇ ਵਧੇਰੇ ਸਮਾਵੇਸ਼ੀ ਸਮਾਜ ਦੀ ਸਿਰਜਣਾ ਲਈ ਮਹਾਨ ਸੰਤ ਕਬੀਰ ਜੀ ਦੁਆਰਾ ਦਿਖਾਏ ਸੱਚ, ਮਨੁੱਖਤਾ ਅਤੇ ਸਮਾਜਿਕ ਸਦਭਾਵਨਾ ਦੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ।

## ਆਰਕੀਟੈਕਟ ਸੰਜੇ ਗੋਇਲ ਨੇ ਫਰੀਦਾਬਾਦ ਵਿੱਚ ਪੈਨਲ ਚਰਚਾ ਵਿੱਚ ਹਿਸਾ ਲਿਆ



**ਲੁਧਿਆਣਾ/ਇੰਦਰਜੀਤ**

ਆਰਕੀਟੈਕਟ ਸੰਜੇ ਗੋਇਲ, ਡਿਜ਼ਾਈਨੈਕਸ ਆਰਕੀਟੈਕਟਸ ਦੇ ਚੀਫ ਆਰਕੀਟੈਕਟ, ਲੁਧਿਆਣਾ ਸਮਾਰਟ ਸਿਟੀ ਦੇ ਸਾਬਕਾ ਡਾਇਰੈਕਟਰ, ਅਤੇ ਇੰਡੀਅਨ ਇੰਸਟੀਚਿਊਟ ਆਫ਼ ਆਰਕੀਟੈਕਟਸ (ਆਈਆਈਏ) ਦੇ ਪੰਜਾਬ ਚੈਪਟਰ ਦੇ ਸਾਬਕਾ ਚੇਅਰਮੈਨ, ਨੇ ਫਰੀਦਾਬਾਦ ਵਿੱਚ ਇੱਕ ਆਰਕੀਟੈਕਟਸ ਦੀ ਮੀਟਿੰਗ ਦੌਰਾਨ ਇੱਕ ਪੈਨਲ ਚਰਚਾ ਵਿੱਚ ਹਿੱਸਾ ਲਿਆ। ਇਸ ਸਮਾਗਮ ਵਿੱਚ 400 ਆਰਕੀਟੈਕਟਾਂ ਨੇ ਸ਼ਿਰਕਤ ਕੀਤੀ ਅਤੇ ਆਰਕੀਟੈਕਟ ਪੁਨੀਤ ਸੇਠੀ ਵੱਲੋਂ ਸੰਚਾਲਿਤ ਕੀਤਾ ਗਿਆ। ਪੈਨਲ ਚਰਚਾ ਵਿੱਚ ਕਾਉਂਸਿਲ ਆਫ ਆਰਕੀਟੈਕਚਰ ਅਤੇ ਆਈਆਈਏ ਦੀ ਆਰਕੀਟੈਕਚਰਲ ਪੇਸ਼ੇ ਵਿੱਚ ਭੂਮਿਕਾ 'ਤੇ ਕੇਂਦ੍ਰਿਤ ਕੀਤਾ ਗਿਆ। ਪੈਨਲਿਸਟਾਂ ਵਿੱਚ ਆਰਕੀਟੈਕਟ ਅਸ਼ੋਕ ਗੋਇਲ, ਆਰਕੀਟੈਕਟ ਵਿਵੇਕ ਲੋਗਾਨੀ, ਆਰਕੀਟੈਕਟ ਅਮਿਤ ਗਰਗ, ਆਰਕੀਟੈਕਟ ਸੁਕੁਮਾਰ ਜੈਰਥ ਅਤੇ ਆਰਕੀਟੈਕਟ ਸੰਜੇ ਗੋਇਲ ਸ਼ਾਮਲ ਸਨ। ਆਪਣੇ ਸੰਬੋਧਨ ਵਿੱਚ, ਆਰਕੀਟੈਕਟ ਸੰਜੇ ਗੋਇਲ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਕਿਵੇਂ ਸਮਾਜ ਵਿੱਚ ਆਰਕੀਟੈਕਟਾਂ ਦੀ ਭੂਮਿਕਾ ਨੂੰ ਪੇਸ਼ੇਵਰ ਜਾਗਰੂਕਤਾ ਨੂੰ ਮਜ਼ਬੂਤ ਕਰਕੇ, ਜਨਤਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਕੇ, ਅਤੇ ਟਿਕਾਊ ਵਿਕਾਸ ਅਤੇ ਸ਼ਹਿਰੀ ਯੋਜਨਾਬੰਦੀ ਵਿੱਚ ਆਰਕੀਟੈਕਟਾਂ ਦੇ ਯੋਗਦਾਨ ਦੀ ਮਾਨਤਾ ਵਧਾ ਕੇ ਵਧਾਇਆ ਜਾ ਸਕਦਾ ਹੈ। ਲੁਧਿਆਣਾ ਵਾਪਸ ਆਉਣ 'ਤੇ, ਆਰਕੀਟੈਕਟ ਸੰਜੇ ਗੋਇਲ ਨੇ ਅਜਿਹੇ ਸਮਾਗਮਾਂ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਰਾਸ਼ਟਰੀ ਪੱਧਰ ਦੀਆਂ ਵਿਚਾਰ-ਵਟਾਂਦਰੇ ਅਤੇ ਪੇਸ਼ੇਵਰ ਮੀਟਿੰਗਾਂ ਵਿੱਚ ਹਿੱਸਾ ਲੈਣ ਨਾਲ ਆਰਕੀਟੈਕਟਾਂ ਨੂੰ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ, ਨਵੇਂ ਰੁਝਾਨਾਂ ਬਾਰੇ ਅਪਡੇਟ ਰਹਿਣ ਅਤੇ ਪੇਸ਼ੇ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੇ ਕੀਮਤੀ ਮੌਕੇ ਮਿਲਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਪਲੇਟਫਾਰਮ ਆਰਕੀਟੈਕਚਰ ਭਾਈਚਾਰੇ ਨੂੰ ਮਜ਼ਬੂਤ ਕਰਨ, ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨ ਪੇਸ਼ੇਵਰਾਂ ਨੂੰ ਟਿਕਾਊ ਅਤੇ ਭਵਿੱਖ ਲਈ ਤਿਆਰ ਵਿਕਾਸ ਨੂੰ ਆਕਾਰ ਦੇਣ ਵਿੱਚ ਵਧੇਰੇ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕਰਨ ਵਿੱਚ ਮਦਦ ਕਰਦੇ ਹਨ।

## ਬੱਚਿਆਂ ਨੂੰ ਪਿਲਾਈਆਂ ਪੋਲੀਓ ਰੋਧਕ ਬੂੰਦਾਂ


**ਜਲੰਧਰ/ਬਲਵਿੰਦਰ ਕੁਮਾਰ**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਦੱਸਿਆ ਕਿ 28 ਜੂਨ, 2026 ਨੂੰ ਰਾਸ਼ਟਰੀ ਪਲਸ ਪੋਲੀਓ ਟੀਕਾਕਰਨ ਦਿਵਸ ਮੌਕੇ ਤਿੰਨ ਦਿਨਾ ਪਲਸ ਪੋਲੀਓ ਮੁਹਿੰਮ ਦੇ ਪਹਿਲੇ ਦਿਨ ਪੰਜ ਸਾਲ ਤੋਂ ਘੱਟ ਉਮਰ ਦੇ 93,479 ਬੱਚਿਆਂ ਨੂੰ ਸਫ਼ਲਤਾਪੂਰਵਕ ਕਵਰ ਕੀਤਾ ਗਿਆ। ਵਧੇਰੇ ਜਾਣਕਾਰੀ ਦਿੰਦਿਆਂ ਸ਼?ਰੀ ਵਾਲੀਆ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 28 ਜੂਨ 2026 ਤੋਂ 30 ਜੂਨ 2026 ਤੱਕ ਚੱਲਣ ਵਾਲੀ ਇਸ ਵਿਸ਼ੇਸ਼ ਮੁਹਿੰਮ ਦੌਰਾਨ 2,23,754 ਬੱਚਿਆਂ ਨੂੰ ਕਵਰ ਕਰਨ ਦਾ ਵਿਆਪਕ ਟੀਚਾ ਮਿੱਥਿਆ ਹੈ। ਉਨ੍ਹਾਂ ਸਿਵਲ ਸਰਜਨ ਡਾ. ਰਾਜੇਸ਼ ਗਰਗ ਦੀ ਅਗਵਾਈ ਵਾਲੀਆਂ ਸਿਹਤ ਟੀਮਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਮੁਹਿੰਮ ਦੇ ਪਹਿਲੇ ਦਿਨ ਸ਼ਾਨਦਾਰ ਕੰਮ ਕਰਦੇ ਹੋਏ ਸ਼ੁਰੂਆਤੀ 24 ਘੰਟਿਆਂ ਵਿੱਚ ਕੁੱਲ ਟੀਚੇ ਦੀ 41.78 ਫੀਸਦੀ ਕਵਰੇਜ ਦਰ ਪ੍ਰਾਪਤ ਕੀਤੀ। ਸ਼?ਰੀ ਵਾਲੀਆ ਨੇ ਪੋਲੀਓ ਤੋਂ ਪੂਰੀ ਸੁਰੱਖਿਆ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਿਹਤ ਟੀਮਾਂ ਹੁਣ ਬਾਕੀ ਰਹਿੰਦੇ ਬੱਚਿਆਂ ਨੂੰ ਟਰੈਕ ਅਤੇ ਕਵਰ ਕਰਨ ਲਈ ਘਰ-ਘਰ ਜਾਣਗੀਆਂ।

'ਜ਼ਿਕਰ ਪੰਜਾਬ' ਨੂੰ
ਲੋੜ ਹੈ
ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਕਸਬਿਆਂ ਤੋਂ ਤਜ਼ਰਬੇਕਾਰ ਪੜ੍ਹੇ-ਲਿਖੇ ਪੱਤਰਕਾਰਾਂ ਦੀ
ਸੰਪਰਕ:-
9815024577
E-mail:
zikarpunjab44@gmail.com

## ਫੀਫਾ ਵਿਸ਼ਵ ਕੱਪ : ਲਿਓਨੇਲ ਮੈਸੀ 7 ਮੈਚਾਂ 'ਚ ਗੋਲ ਕਰਨ ਵਾਲਾ ਪਹਿਲਾ ਖਿਡਾਰੀ ਬਣਿਆ

**ਡੱਲਾਸ** : ਲਿਓਨਲ ਮੈਸੀ ਨੇ ਫੀਫਾ ਵਿਸ਼ਵ ਕੱਪ ਦਾ ਇੱਕ ਹੋਰ ਰਿਕਾਰਡ ਬਣਾਇਆ ਹੈ। ਐਤਵਾਰ (28 ਜੂਨ) ਨੂੰ ਡੱਲਾਸ ਸਟੇਡੀਅਮ ਵਿੱਚ ਜੌਰਡਨ ਵਿਰੁੱਧ ਗੋਲ ਕੀਤਾ, ਇਹ ਮੈਚ ਅਰਜਨਟੀਨਾ ਨੇ 3-1 ਨਾਲ ਜਿੱਤਿਆ ਸੀ। ਮੈਸੀ ਨੂੰ ਆਖਰੀ ਗਰੁੱਪ ਮੈਚ ਵਿੱਚ ਬਦਲਵਾਂ ਵਿੱਚ ਸ਼ਾਮਲ ਕੀਤਾ ਗਿਆ ਸੀ। ਉਹ ਮੈਚ ਸ਼ੁਰੂ ਹੋਣ ਤੋਂ ਇੱਕ ਘੰਟੇ ਬਾਅਦ ਮੈਦਾਨ 'ਤੇ ਆਇਆ ਅਤੇ ਅਰਜਨਟੀਨਾ ਦੀ ਲੀਡ ਵਧਾਉਣ ਅਤੇ ਆਪਣੇ ਸਕੋਰਿੰਗ ਰਿਕਾਰਡ ਨੂੰ ਵਧਾਉਣ ਲਈ ਇੱਕ ਸ਼ਾਨਦਾਰ ਫ?ਰੀ-ਕਿੱਕ ਨਾਲ ਅਰਜਨਟੀਨਾ ਦੀ ਲਗਾਤਾਰ ਤੀਜੀ ਜਿੱਤ 'ਤੇ ਮੋਹਰ ਲਗਾ ਦਿੱਤੀ। ਜੂਨ 2006 ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਅਰਜਨਟੀਨਾ ਨੇ ਲਿਓਨਲ ਮੈਸੀ ਤੋਂ ਬਿਨਾਂ ਵਿਸ਼ਵ ਕੱਪ ਸ਼ੁਰੂਆਤੀ ਇਲੈਵਨ (11 ਖਿਡਾਰੀ) ਨੂੰ ਮੈਦਾਨ ਵਿੱਚ ਉਤਾਰਿਆ। 39 ਸਾਲਾ ਸਟ੍ਰਾਈਕਰ ਨੇ 80ਵੇਂ ਮਿੰਟ ਵਿੱਚ ਫ?ਰੀ-ਕਿੱਕ ਨੂੰ ਗੋਲ ਵਿੱਚ ਬਦਲਿਆ, ਜਿਸ ਨਾਲ ਉਹ ਲਗਾਤਾਰ ਸੱਤ ਫੀਫਾ ਵਿਸ਼ਵ ਕੱਪ ਮੈਚਾਂ ਵਿੱਚ ਗੋਲ ਕਰਨ ਵਾਲਾ ਪਹਿਲਾ ਖਿਡਾਰੀ ਬਣ ਗਿਆ। ਇਹ ਲੜੀ ਕਤਰ ਵਿੱਚ 2022 ਵਿਸ਼ਵ ਕੱਪ ਦੇ ਰਾਊਂਡ ਆਫ਼ 16 ਮੈਚ ਨਾਲ ਸ਼ੁਰੂ ਹੋਈ, ਜਿੱਥੇ ਮੈਸੀ ਨੇ 35ਵੇਂ ਮਿੰਟ ਵਿੱਚ ਗੋਲ ਕੀਤਾ। ਫਿਰ ਮੈਸੀ ਨੇ ਨੀਦਰਲੈਂਡਜ਼ ਅਤੇ ਕ੍ਰੋਏਸ਼ੀਆ ਵਿਰੁੱਧ ਕੁਆਰਟਰ ਫਾਈਨਲ ਅਤੇ ਸੈਮੀਫਾਈਨਲ ਵਿੱਚ ਪੈਨਲਟੀ ਤੋਂ ਗੋਲ ਕੀਤੇ। ਫਰਾਂਸ ਵਿਰੁੱਧ ਫਾਈਨਲ ਵਿੱਚ ਮੈਸੀ ਨੇ ਪੈਨਲਟੀ ਤੋਂ ਫਿਰ ਗੋਲ ਕੀਤਾ



ਅਤੇ ਬਾਅਦ ਵਿੱਚ ਵਾਧੂ ਸਮੇਂ ਵਿੱਚ ਇੱਕ ਹੋਰ ਗੋਲ ਕੀਤਾ। ਮੌਜੂਦਾ ਟੂਰਨਾਮੈਂਟ ਵਿੱਚ ਮੈਸੀ ਨੇ ਅਲਜੀਰੀਆ ਵਿਰੁੱਧ ਹੈਟ੍ਰਿਕ ਨਾਲ ਸ਼ੁਰੂਆਤ ਕੀਤੀ ਅਤੇ ਇਸ ਤੋਂ ਬਾਅਦ ਆਸਟਰੀਆ ਵਿਰੁੱਧ ਦੋ ਗੋਲ ਕੀਤੇ। ਇਸ ਨਾਲ ਉਹ ਪੁਰਸ਼ਾਂ ਦੇ ਫੀਫਾ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਗੋਲ ਕਰਨ ਵਾਲੇ ਸਾਬਕਾ ਜਰਮਨ ਫਾਰਵਰਡ ਮੀਰੋਸਲਾਵ ਕਲੋਸ ਨੂੰ ਪਛਾੜਨ ਵਿੱਚ ਕਾਮਯਾਬ ਰਿਹਾ। ਇਸ ਦੇ ਨਾਲ ਮੈਸੀ ਨੇ ਆਪਣੇ ਸਭ ਤੋਂ ਵੱਧ ਗੋਲ ਕਰਨ ਦੇ ਰਿਕਾਰਡ ਨੂੰ 19 ਤੱਕ ਵਧਾ ਦਿੱਤਾ। ਇਹ ਪ੍ਰਾਪਤੀਆਂ ਮੈਸੀ ਦੇ ਛੇਵੇਂ ਫੀਫਾ ਵਿਸ਼ਵ ਕੱਪ ਦੌਰਾਨ ਆਈਆਂ, ਜਿਸ ਨਾਲ ਉਹ ਟੂਰਨਾਮੈਂਟ ਦੇ ਸਾਰੇ ਛੇ ਐਡੀਸ਼ਨਾਂ (2006, 2010, 2014, 2018, 2022 ਅਤੇ 2026) ਵਿੱਚ ਖੇਡਣ ਵਾਲਾ ਪਹਿਲਾ ਪੁਰਸ਼ ਖਿਡਾਰੀ ਬਣ ਗਿਆ।

ਮੈਸੀ ਨੇ ਇਸ ਟੂਰਨਾਮੈਂਟ ਵਿੱਚ ਕੁੱਲ ਛੇ ਗੋਲ ਕੀਤੇ ਹਨ, ਜਿਸ ਨਾਲ ਉਹ ਸੁਪਰਸਟਾਰ ਖਿਡਾਰੀ ਕਾਇਲੀਅਨ ਐਮਬਾਪੇ, ਓਸਮਾਨੇ ਡੇਂਬੇਲੇ, ਵਿਨੀਸੀਅਸ ਜੂਨੀਅਰ ਅਤੇ ਏਰਲਿੰਗ ਹਾਲੈਂਡ ਤੋਂ ਗੋਲਡਨ ਬੂਟ ਦੌੜ ਵਿੱਚ ਦੋ ਗੋਲ ਅੱਗੇ ਹੈ। ਜਿਵੇਂ ਜਿਵੇਂ ਅਰਜਨਟੀਨਾ ਨਾਕਆਊਟ ਰਾਊਂਡ ਵਿੱਚ ਅੱਗੇ ਵਧੇਗਾ, ਮੈਸੀ ਕੋਲ ਫੁੱਟਬਾਲ ਦੇ ਸਭ ਤੋਂ ਵੱਡੇ ਪੜਾਅ 'ਤੇ ਆਪਣੇ ਰਿਕਾਰਡ ਨੂੰ ਹੋਰ ਬਿਹਤਰ ਬਣਾਉਣ ਦਾ ਮੌਕਾ ਹੋਵੇਗਾ। ਮੈਸੀ ਦੀ ਟੀਮ ਹੁਣ ਅਗਲੇ ਪੜਾਅ, ਰਾਊਂਡ ਆਫ਼ 32 ਵਿੱਚ ਪਹੁੰਚ ਗਈ ਹੈ, ਜਿੱਥੇ ਉਹ 4 ਜੁਲਾਈ ਨੂੰ ਸਵੇਰੇ 3:30 ਵਜੇ ਭਾਰਤੀ ਸਮੇਂ ਅਨੁਸਾਰ ਕੇਪ ਵਰਡੇ ਦਾ ਸਾਹਮਣਾ ਕਰੇਗੀ।

ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦਫ਼ਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਣਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly